

# ਔਰਤ



ਰਣਜਨ ਸਿੰਘ ਤੱਗੜ

ਔਰਤ ਰਣਜਨ ਸਿੰਘ ਤੱਗੜ







Gratitude ★ Blessings ★ Happiness

Gratitude ★ Blessings ★ Friendship ★ Happiness ★

AURAT



FOR LIBERARY
8/31/96

# ਔਰਤ

ਹਰਿਭਜਨ ਸਿੰਘ ਭੱਜੀ



# ਔਰਤ

ਹਰਿਭਜਨ ਸਿੰਘ ਭੱਜੀ

ਸਿਖ ਨੈਸ਼ਨਲ ਐਜੂਕੇਸ਼ਨਲ ਐਂਡ ਕਲਚਰਲ ਔਰਗੈਨਾਈਜ਼ੇਸ਼ਨ
7720 ਲੋਰੇਨ ਐਵਿਨਿਊ,# 107
ਸਟਾਕਟਨ, ਕੈਲੇਫੋਰਨੀਆ 95210

AURAT (*Punjabi*)
by
Harbhajan Singh Bhajji

1996
ਪਹਿਲੀ ਵਾਰੀ : 500 ਕਾਪੀ
ਮੁੱਲ : 100 ਰੁਪਏ
ਬਦੇਸ਼ : ਦਸ ਡਾਲਰ

Publisher
SIKH NATIONAL EDUCATIONAL & CULTURAL ORGANIZATION
7720 Lorraine Ave # 107
Stockton, Ca 95210

ਆਜ਼ਾਦ ਆਵਾਜ਼ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ

## ਸਮਰਪਣ

ਸਮਰਪਣ ਹੈ, ਇਹ ਸਭ ਔਰਤਾਂ ਨੂੰ,
ਪੱਕੀ ਜਿਹਨਾਂ ਦੇ ਹੱਥਾਂ ਦੀ ਖਾਧੀ ।

ਮਾਂ ਮੇਰੀ, ਜਿਸ ਚੂਰੀਆਂ ਕੁੱਟੀਆਂ,
ਮਾਸੀ, ਭੈਣਾਂ, ਭੂਆ ਤੇ ਦਾਦੀ ।

ਇਕ ਜੋ ਮੇਰੇ ਦਿਲ ਦੀ ਰਾਣੀ,
ਜਿਸ ਔਰਤ ਨਾਲ ਹੋਈ ਸ਼ਾਦੀ ।

ਰਿੰਨੀ, ਬਬਲੀ, ਦੀਪੂ ਤੇ ਸੰਨੀ
ਜੋ ਇਸ ਜੀਵਨ ਦੀਆਂ ਨਹੀਂ ਹਾਲੇ ਆਦੀ ।

# ਆਤਮਕਥਾਤਮਕ ਸੰਦਰਭ ਤੋਂ ਸੰਕਲਪ ਤਕ: 'ਔਰਤ'

ਕਵਿਤਾ ਜਿੱਥੇ ਮਨੁੱਖੀ ਅਹਿਸਾਸਾਂ ਦੀ ਕਲਾਪੂਰਣ ਤਰਜਮਾਨੀ ਹੈ ਉਥੇ ਜ਼ਿੰਦਗੀ ਦੇ ਕੌੜੇ ਸੱਚ ਨੂੰ ਵੀ ਉਦੱਾਤੀਕ੍ਰਿਤ ਰੂਪ ਵਿਚ ਕਾਨੀਬੰਦ ਕਰਦੀ ਹੈ, ਕਵੀ ਜਿਥੇ ਆਪਣੇ ਵਲਵਲਿਆਂ ਦਾ ਸਾਧਾਰਣੀਕਰਣ ਕਰਦਾ ਹੈ ਉਥੇ ਹੀ ਪਾਠਕ ਨੂੰ ਜੀਵਨ ਦੀਆਂ ਅਜਿਹੀਆਂ ਕਰੂਰ ਹਕੀਕਤਾਂ ਦੇ ਵੀ ਰੂਬਰੂ ਕਰਦਾ ਹੈ ਜਿਹਨਾਂ ਬਾਰੇ ਜਾਣਦਿਆਂ ਹੋਇਆਂ ਵੀ ਉਹ ਨ ਜਾਣਨ ਦਾ ਵਿਖਾਵਾ ਕਰਦਾ ਹੈ। ਕਵੀ ਉਸਨੂੰ ਮਜਬੂਰ ਕਰ ਦਿੰਦਾ ਹੈ ਕਿ ਸੱਚ ਦੇ ਸਨਮੁਖ ਖੜੋਵੇ। ਪਰੰਤੂ ਅਜਿਹੇ ਕਵੀ ਅਤੇ ਅਜਿਹੀ ਕਵਿਤਾ ਨਾਂਲ ਸਾਖਿਆਤਕਾਰ ਕਦੇ ਕਦੇ ਹੀ ਹੁੰਦਾ ਹੈ।

ਪੰਜਾਬੀ ਕਵਿਤਾ ਦੀ ਇਕ ਅਤਿਅੰਤ ਦੀਰਘ ਪਰੰਪਰਾ ਹੈ। ਬਾਬਾ ਫ਼ਰੀਦ ਸ਼ਕਰਗੰਜ ਅਤੇ ਉਸਤੋਂ ਵੀ ਪਹਿਲਾਂ ਨਾਥ ਯੋਗੀਆਂ ਤੋਂ ਲੈ ਕੇ ਵਰਤਮਾਨ ਸਮੇਂ ਤਕ ਪੰਜਾਬੀ ਕਵਿਤਾ ਦੇ ਵਿਹੜੇ ਵਿਚ ਅਨੇਕਾਂ ਅਜਿਹੇ ਪੁਰਨੂਰ ਸਿਤਾਰੇ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਹਨਾਂ ਨੇ ਆਪਣੀ ਰੋਸ਼ਨੀ ਨਾਲ ਇਸ ਵਿਹੜੇ ਨੂੰ ਇਸ ਤਰ੍ਹਾਂ ਜਗਮਗ ਕੀਤਾ ਹੈ ਕਿ ਇਹ ਜਗਮਗਾਹਟ ਸਦੀਆਂ ਬੀਤ ਜਾਣ ਤੇ ਵੀ ਹੁਣ ਤਕ ਸਾਨੂੰ ਆਕਰਸ਼ਿਤ ਕਰਦੀ ਹੈ। ਅਧਿਆਤਮਿਕ ਕਵਿਤਾ ਅਰਥਾਤ ਗੁਰਮਤਿ ਅਤੇ ਸੂਫ਼ੀ ਵਿਚਾਰਧਾਰਾ ਨਾਲ ਸੰਬਧਿਤ ਕਵਿਤਾ ਤਾਂ ਮੂਲ ਰੂਪ ਵਿਚ ਇਕ ਵਿਸ਼ੇਸ਼ ਬਿੰਦੂ ਅਰਥਾਤ ਪਰਮਾਤਮਾ ਦੇ ਪ੍ਰੇਮ ਉੱਤੇ ਕੇਂਦਰਿਤ ਹੈ ਪਰੰਤੂ ਇਸ ਤੋਂ ਇਲਾਵਾ ਇਹ ਵੇਖਣ ਵਿਚ ਘਟ ਹੀ ਆਇਆ ਹੈ ਕਿ ਕਿਸੇ ਕਵੀ ਦੀ ਸਮੁੱਚੀ ਰਚਨਾ ਕਿਸੇ ਇਕ ਕੇਂਦਰੀ ਨੁਕਤੇ ਦੁਆਲੇ ਘੁੰਮਦੀ ਹੋਵੇ। ਇਸ ਵਿਚਾਰ ਦੇ ਪ੍ਰਸੰਗ ਵਿਚ ਹੀ ਹਰਭਜਨ ਸਿੰਘ 'ਭੱਜੀ' ਸ਼ੇਰਗਿਲ ਦੀ ਪੰਜਾਬੀ ਕਾਵਿ-ਖੇਤਰ ਵਿਚ ਆਮਦ ਇਕ ਵਿਸ਼ੇਸ਼ ਘਟਨਾ ਹੋ ਨਿਬੜੀ ਹੈ। 'ਭੱਜੀ' ਦਾ ਕਾਵਿ-ਸੰਗ੍ਰਹਿ 'ਔਰਤ' ਇਕ ਮਖਸੂਸ ਥੀਮ ਦੇ ਦੁਆਲੇ ਘੁੰਮਦਾ ਹੈ ਇਸੇ ਕਰਕੇ ਇਹ ਲੀਕ ਤੋਂ ਹਟਵਾਂ, ਹੋਣ ਕਰਕੇ ਸਾਡਾ ਧਿਆਨ ਆਪਣੇ ਵਲ ਖਿਚਦਾ ਹੈ।

ਜਿਵੇਂ ਕਿ ਪੁਸਤਕ ਦੇ ਨਾਂ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਇਸ ਕਾਵਿ-ਸੰਗ੍ਰਹਿ ਦਾ ਕੇਂਦਰ ਬਿੰਦੂ 'ਔਰਤ' ਹੈ। ਭਾਵੇਂ ਅਸੀਂ ਸਾਰੇ ਇਹ ਗੱਲ ਭਲੀਭਾਂਤ ਜਾਣਦੇ ਹਾਂ ਕਿ ਇਸਤਰੀ ਅਤੇ ਮਰਦ ਇਕ ਦੂਜੇ ਦੇ ਪੂਰਕ ਹਨ, ਦੋਹਾਂ ਦੇ ਸਹਿਯੋਗ ਅਤੇ ਸੁਮੇਲ ਤੋਂ ਬਗ਼ੈਰ ਸੰਸਾਰ ਦੀ ਗੱਡੀ ਲੀਹਾਂ ਤੋਂ ਉਤਰ ਜਾਏਗੀ ਅਤੇ ਸੰਸਾਰ ਖ਼ਤਮ ਹੋ ਜਾਏਗਾ ਪਰੰਤੂ ਬਹੁਤੇ ਵਿਅਕਤੀ ਇਸ ਅਸਲੀਅਤ ਨੂੰ

ਜਾਣਦਿਆਂ ਹੋਇਆਂ ਵੀ ਸਵੀਕਾਰ ਨਹੀਂ ਕਰਦੇ । ਉਹ ਇਸਤਰੀ ਨੂੰ ਨੀਵਾਂ ਅਤੇ ਨਕਾਰਾ ਆਖਦੇ ਹਨ ਜਦਕਿ ਉਹਨਾਂ ਅਨੁਸਾਰ ਮਰਦ ਨੂੰ ਸਮਾਜਕ ਬਣਤਰ ਵਿਚ ਬਰਤਰੀ ਹਾਸਲ ਹੈ । ਕੁਦਰਤ ਨੇ ਸਰੀਰਕ ਬਣਤਰ ਪਖੋਂ ਔਰਤ ਨੂੰ ਮਰਦ ਦੇ ਮੁਕਾਬਲੇ ਕੁਝ ਕਮਜ਼ੋਰ ਬਣਾਇਆ ਹੈ ਪਰੰਤੂ ਇਸ ਦਾ ਇਹ ਮਤਲਬ ਨਹੀਂ ਕਿ ਕੁਦਰਤ ਨੇ ਸਰਦਾਰੀ ਮਰਦ ਨੂੰ ਸੌਂਪ ਦਿੱਤੀ ਹੈ । ਔਰਤ ਸੰਸਾਰ ਦੀ ਸਮੁੱਚੀ ਸਿਰਜਣਾ ਦਾ ਮੂਲ ਹੈ ਅਤੇ ਇਹ ਗੱਲ ਹਰ ਇਕ ਨੂੰ ਸਮਝ ਲੈਣੀ ਚਾਹੀਦੀ ਹੈ ।

ਹਰਭਜਨ ਸਿੰਘ ਸ਼ੇਰਗਿਲ ਦੀਆਂ ਸਾਰੀਆਂ ਕਵਿਤਾਵਾਂ ਇਸੇ ਭਾਵ ਨੂੰ ਸਮਝਣ ਸਮਝਾਉਣ ਲਈ ਯਤਨਸ਼ੀਲ ਹਨ । ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਪੱਖੀ ਹੋਣਾ ਅਤੇ ਉਹ ਵੀ ਕਿਸੇ ਮਰਦ ਦਾ, ਆਮ ਵਿਅਕਤੀ ਨੂੰ ਅਖਰਦਾ ਹੈ । ਇਸੇ ਲਈ ਉਹ ਸ਼ੁਰੂ ਵਿਚ ਕਹਿੰਦਾ ਹੈ ਕਿ ਉਸਨੂੰ ਡਰ ਹੈ ਕਿ ਕੌੜੀ ਅਸਲੀਅਤ ਨੂੰ ਕਹਿਣ ਕਰਕੇ ਕਿਧਰੇ ਉਸਦੀ ਜਾਤ ਦੇ ਲੋਕ ਅਰਥਾਤ ਮਰਦ ਗੁੱਸੇ ਨ ਹੋ ਜਾਣ ਪਰੰਤੂ ਉਹ ਸੱਚ ਕਹਿਣ ਦੀ ਦਲੇਰੀ ਕਰਦਾ ਹੈ । ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਮਹੱਤਵ ਨੂੰ ਸਵੀਕਾਰ ਕਰਦਿਆਂ ਹੋਇਆਂ ਇਹ ਆਦੇਸ਼ ਦਿੱਤਾ ਸੀ - 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ', ਪ੍ਰੋ. ਪੂਰਨ ਸਿੰਘ ਮਾਂ ਨੂੰ ਰਸ ਦਾ ਡਾਢਾ ਮਿੱਠਾ ਆਵੇਸ਼ ਮੰਨਦਾ ਹੈ ਅਤੇ ਉਸ ਅਨੁਸਾਰ ਮਾਂ ਰਬ ਦਾ ਰੂਪ ਹੈ । ਪ੍ਰੋ. ਮੋਹਨ ਸਿੰਘ ਨੇ 'ਮਾਂ ਵਰਗਾ ਘਣਛਾਵਾਂ ਬੂਟਾ' ਆਖ ਕੇ ਇਸਤਰੀ ਨੂੰ ਵਡਿਆਇਆ ਹੈ । ਡਾਕਟਰ ਦੀਵਾਨ ਸਿੰਘ ਕਾਲੇ ਪਾਣੀ ਨੇ ਆਪਣੀ ਕਵਿਤਾ 'ਇਸਤਰੀ ਨੂੰ' ਵਿਚ ਸਮਾਜਕ ਸੰਦਰਭ ਵਿਚ ਇਸਤਰੀ ਨੂੰ ਉਸਦੀ ਨਿਘਰੀ ਹਾਲਤ ਤੋਂ ਜਾਣੂ ਕਰਵਾ ਕੇ ਹੰਭਲਾ ਮਾਰਨ ਲਈ ਪ੍ਰੇਰਿਆ ਹੈ । ਕੁਰਾਨ ਮਜੀਦ ਅਨੁਸਾਰ ਰਬ ਹਰ ਇਕ ਥਾਂ ਮੌਜੂਦ ਨਹੀਂ ਹੋ ਸਕਦਾ ਇਸ ਲਈ ਉਸਨੇ ਮਾਂ ਨੂੰ ਬਣਾਇਆ, ਇਸੇ ਲਈ ਇਹ ਵੀ ਕਿਹਾ ਗਿਆ ਹੈ ਕਿ ਮਾਂ ਦੇ ਪੈਰਾਂ ਹੇਠਾਂ ਜੱਨਤ ਹੈ । ਇਹ ਅਤੇ ਅਜਿਹੇ ਹੀ ਹੋਰ ਵਿਚਾਰਾਂ ਦੀ ਪ੍ਰਤਿਗੂੰਜ ਸ਼ੇਰਗਿਲ ਦੀ ਕਵਿਤਾ ਵਿਚੋਂ ਸੁਣਾਈ ਦਿੰਦੀ ਹੈ । ਉਸਦੀਆਂ ਕਵਿਤਾਵਾਂ ਵਿਚੋਂ ਔਰਤ ਦੇ ਵਿਭਿੰਨ ਰੂਪ ਸਾਕਾਰ ਹੁੰਦੇ ਹਨ । ਖਾਸ ਤੌਰ ਤੇ ਮਾਂ ਦਾ ਰੁਤਬਾ, ਮਾਂ ਦੀ ਲੋੜ, ਮਾਂ ਵਿਹੂਣੇ ਬਚਿਆਂ ਦੀ ਹੋਣੀ, ਮਤ੍ਰੇਈ ਮਾਂ ਆਦਿ ਇਸਤਰੀ-ਮੁਖੀ ਸੰਕਲਪਾਂ ਨੂੰ ਉਘਾੜਨ ਤੋਂ ਇਲਾਵਾ ਧੀ/ਧੀਆਂ ਦੇ ਰਿਸ਼ਤੇ ਨੂੰ ਵੀ ਬਖ਼ੂਬੀ ਪੇਸ਼ ਕੀਤਾ ਗਿਆ ਹੈ । ਭਾਵੇਂ ਮੈਂ ਹਰਭਜਨ ਸਿੰਘ ਸ਼ੇਰਗਿਲ ਦੀ ਨਿਜੀ ਜ਼ਿੰਦਗੀ ਬਾਰੇ ਕੁਝ ਵੀ ਨਹੀਂ ਜਾਣਦਾ ਪਰੰਤੂ 'ਔਰਤ' ਵਿਚਲੀਆਂ ਕਵਿਤਾਵਾਂ ਦਾ ਅਧਿਐਨ ਕਰਨ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਇਹ ਕਵਿਤਾਵਾਂ ਇਕੋ ਸਮੇਂ ਦੋ ਧਰਾਤਲਾਂ ਤੇ ਵਿਚਰ ਰਹੀਆਂ ਹਨ.। ਇਕ ਪਾਸੇ ਕਵੀ ਔਰਤ ਨਾਲ ਸੰਬਧਿਤ ਮੂਲ ਸੰਕਲਪਾਂ ਪ੍ਰਤੀ ਆਪਣੀ ਪ੍ਰਤੀਕਿਰਿਆ ਵਿਅਕਤ ਕਰ ਰਿਹਾ ਹੈ ਅਤੇ ਦੂਜੇ ਪਾਸੇ ਅਛੋਪਲੇ ਹੀ ਆਪਣੇ ਜੀਵਨ ਦੀਆਂ ਕੁਝ ਅਹਿਮ ਘਟਨਾਵਾਂ ਤੋਂ ਵੀ ਸਾਨੂੰ ਜਾਣੂ ਕਰਵਾ ਰਿਹਾ ਹੈ । ਇਸ ਤਰ੍ਹਾਂ ਇਹ ਰਚਨਾ ਇਕ ਪ੍ਰਕਾਰ ਨਾਲ ਕਾਵਿਕ ਆਤਮਕਥਾ (Poetic



autobiography) ਦਾ ਰੂਪ ਧਾਰ ਲੈਂਦੀ ਹੈ । ਧੀਆਂ ਦੇ ਪੁਛਣ ਉੱਤੇ ਆਪਣੀ ਮਾਂ ਦਾ ਨਾਂ ਦਸਣਾ, ਮਾਂ ਦੇ ਨੈਣ ਨਕਸ਼ਾਂ ਦਾ ਵਰਣਨ, ਆਦਿ ਮੇਰੀ ਇਸ ਸੋਚ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦੇ ਹਨ । ਭਾਵੇਂ ਡਾ. ਜਸਵੰਤ ਸਿੰਘ ਨੇਕੀ ਨੇ ਵੀ ਖ਼ੂਬਸੂਰਤ ਕਵਿਤਾ ਦੇ ਮਾਧਿਅਮ ਰਾਹੀਂ ਆਪਣੀ ਸ੍ਵੈ ਜੀਵਨੀ ਨੂੰ ਕਾਨੀਬੰਦ ਕੀਤਾ ਹੈ, ਪਰੰਤੂ ਕੇਵਲ ਇਕੋ ਥੀਮ ਨਾਲ ਜੁੜੀਆਂ ਆਤਮਕਥਾਤਮਕ ਘਟਨਾਵਾਂ ਨੂੰ ਪੇਸ਼ ਕਰਨ ਵਾਲੀ ਇਹ ਪਹਿਲੀ ਰਚਨਾ ਹੈ ਜੋ ਮੇਰੀ ਨਜ਼ਰ 'ਚੋਂ ਗੁਜ਼ਰੀ ਹੈ ।

ਇਹਨਾਂ ਕਵਿਤਾਵਾਂ ਨੂੰ ਪੜ੍ਹਦਿਆਂ ਹੋਇਆਂ ਭਾਵੇਂ ਰੂਪਗਤ ਉੱਤਮਤਾ ਦਾ ਕਈ ਵਾਰ ਅਹਿਸਾਸ ਨਹੀਂ ਹੁੰਦਾ ਪਰੰਤੂ ਸ਼ਾਇਦ ਰੂਪਗਤ ਬੁਲੰਦੀਆਂ ਨੂੰ ਛੁਹਣ ਦੀ ਲੋਚਾ ਵਿਚ ਆਪਣੇ ਵਿਸ਼ੇ ਨਾਲ ਸਮਝੌਤਾ ਕਰਨ ਲਈ ਲੇਖਕ ਤਿਆਰ ਨਹੀਂ । ਉਸ ਦਾ ਪ੍ਰਥਮ ਮਨੋਰਥ ਔਰਤ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨ ਦਾ ਹੈ । ਭਾਵੇਂ ਬਹੁਤੀਆਂ ਥਾਵਾਂ ਤੇ ਉਸਦੀ ਕਵਿਤਾ ਕਥਨ-ਕਾਵਿ (Poetry of statement) ਹੈ ਪਰੰਤੂ ਸਮੁੱਚੀ ਕਵਿਤਾ ਇਕ ਅਜਿਹਾ ਪ੍ਰਵਚਨ (discourse) ਬਣ ਨਿਬੜਦੀ ਹੈ ਜਿਸਨੂੰ ਰਸਾਤਮਕ ਅਤੇ ਕਲਾਤਮਕ ਬਣਾਉਣ ਲਈ ਕਵੀ ਤੁਕਾਂਤ ਮੇਲ (rhyme) ਜਾਂ ਅਨੁਪ੍ਰਾਸ ਦਾ ਸਹਾਰਾ ਲੈਂਦਾ ਹੈ । ਉਸਦਾ ਇਹ ਤੁਕਾਂਤ ਮੇਲ ਉਚੇਚ ਨਾਲ ਜੋੜਿਆ ਪ੍ਰਤੀਤ ਨਹੀਂ ਹੁੰਦਾ ਬਲਕਿ ਸੁਤੇ ਸਿਧ ਹੀ ਪੰਕਤੀਆਂ ਇਕ ਦੂਜੇ ਨਾਲ ਮਿਲਦੀਆਂ ਅਤੇ ਟਕਰਾਉਂਦੀਆਂ ਪ੍ਰਤੀਤ ਹੁੰਦੀਆਂ ਹਨ । ਕਈ ਥਾਵਾਂ ਤੇ ਪੜ੍ਹਦਿਆਂ ਇਹ ਅਹਿਸਾਸ ਹੁੰਦਾ ਹੈ ਕਿ 'ਭੱਜੀ' ਫਿਲਬਦੀ ਸ਼ਾਇਰੀ ਕਰ ਰਿਹਾ ਹੋਵੇ, ਅਜਿਹਾ ਕਰ ਸਕਣਾ ਯਕੀਨਨ ਇਕ ਅਜਿਹੇ ਸਿੱਧਹਸਤ ਸ਼ਾਇਰ ਦੀ ਨਿਸ਼ਾਨੀ ਹੁੰਦਾ ਹੈ ਇਸ ਕਰਕੇ ਕਈ ਥਾਵਾਂ ਤੇ ਉਸਦੀ ਕਵਿਤਾ ਵਲਵਲਿਆਂ ਦਾ ਆਵੇਸ਼ੀ ਪ੍ਰਗਟਾਵਾ ਬਣ ਜਾਂਦੀ ਹੈ ।

ਅੰਤ ਵਿਚ ਮੈਂ ਹਰਭਜਨ ਸਿੰਘ ਸ਼ੇਰਗਿਲ ਦੀ ਕਾਵਿ-ਸਿਰਜਣਾ 'ਔਰਤ' ਨੂੰ ਜੀ ਆਇਆਂ ਆਖਦਾ ਹਾਂ ਅਤੇ ਪੰਜਾਬੀ ਕਾਵਿ ਖੇਤਰ ਲਈ ਇਸ ਨਵੀਂ ਪਰਤ ਲਈ ਉਸਨੂੰ ਵਧਾਈ ਦਿੰਦਾ ਹਾਂ ਅਤੇ ਇਹ ਦੁਆ ਕਰਦਾ ਹਾਂ; "ਅਲਾਹ ਕਰੇ ਜ਼ੋਰੇ ਕਲਮ ਔਰ ਭੀ ਜ਼ਿਆਦਾ"।

*ਤਰਲੋਕ ਸਿੰਘ ਆਨੰਦ (ਡਾ.)*

*ਪੰਜਾਬੀ ਯੂਨੀਵਰਸਿਟੀ,*
*ਪਟਿਆਲਾ*

# ਦੋ ਲਫਜ਼

ਮੈਂ ਕੋਈ ਕਵੀ ਹੋਣ ਦਾ ਦਾਅਵਾ ਨਹੀਂ ਕਰਦਾ, ਆਮ ਲੋਕਾਂ ਦੀ ਤਰ੍ਹਾਂ ਮੈਂ ਵੀ ਆਮ ਜਿਹਾ ਇਨਸਾਨ ਹਾਂ। ਔਰਤ ਦਾ ਸਾਥ ਹਰੇਕ ਮਰਦ ਨੇ ਕਿਸੇ ਨਾ ਕਿਸੇ ਰੂਪ 'ਚ ਮਾਣਿਆ ਹੈ। ਫਰਕ ਇੰਨਾ ਹੀ ਹੈ ਕਿ ਉਨ੍ਹਾਂ ਸਾਥ ਮਾਣ ਕੇ ਉਸ ਨੂੰ ਲਿਖਿਆ ਨਹੀਂ ਤੇ ਮੈਂ ਉਸ ਨੂੰ ਕਲਮਬੰਦ ਕਰ ਦਿੱਤਾ।

ਮਾਤਾ 'ਹਵਾ' ਤੋਂ ਲੈ ਹੁਣ ਤਾਈਂ ਔਰਤ ਨਾਲ ਧੱਕਾ ਹੁੰਦਾ ਆਇਆ ਹੈ, ਕਦੇ ਕਦੇ ਕਿਸੇ ਨੇ, ਧੀਮੀ ਜਿਹੀ ਆਵਾਜ਼, ਇਸ ਦੇ ਖ਼ਿਲਾਫ ਉਠਾਈ ਹੈ, ਪਰ ਉਹ ਆਵਾਜ਼ ਬਾਕੀ ਮਰਦਾਂ ਦੇ ਰੌਲੇ 'ਚ ਕਿਸੇ ਨੇ ਨਹੀਂ ਸੁਣੀ। ਕਈ ਵਾਰ ਰਿਸ਼ਤੇਦਾਰੀਆਂ ਜਾਂ ਜਾਣ-ਪਛਾਣ ਵਾਲਿਆਂ ਵਿੱਚ, ਔਰਤਾਂ ਨਾਲ ਧੱਕਾ ਹੁੰਦਾ ਦੇਖ ਕੇ ਮੈਂ ਚੁੱਪ ਰਿਹਾ ਹਾਂ, ਸਿਰਫ ਇਹ ਸੋਚ ਕੇ ਕਿ ਇੱਥੇ ਮੇਰਾ ਬੋਲਣ ਦਾ ਹੱਕ ਨਹੀਂ ਬਣਦਾ। ਪਰ ਉਸ ਚੁੱਪ ਨੇ ਮੈਨੂੰ ਬੇਚੈਨ ਜ਼ਰੂਰ ਕੀਤਾ ਹੈ ਸ਼ਾਇਦ ਇਹ ਬੇ ਚੈਨੀ ਹੀ ਇਨ੍ਹਾਂ ਕਵਿਤਾਵਾਂ ਦਾ ਰੂਪ ਧਾਰ ਗਈ।

ਸ਼ਾਇਦ ਮੈਂ ਵੀ ਕਈ ਵਾਰ ਮਰਦਾਨਗੀ 'ਚ ਆ ਕੇ ਕਿਸੇ ਔਰਤ ਨਾਲ ਧੱਕਾ ਕਰ ਬੈਠਾ ਹੋਵਾਂ ਕਿਉਂ ਜੋ ਬਚਪਨ ਤੋਂ ਇਹੀ ਸਿਖਾਇਆ ਗਿਆ ਸੀ ਕਿ ਮਰਦ ਔਰਤ ਨਾਲੋਂ ਉੱਚਾ ਹੈ। ਸ਼ਾਇਦ ਉਹ ਸਾਡੀ ਮਾਂ ਦੀ ਸਿੱਖਿਆ ਸੀ ਜਿਸ ਨੇ ਸਾਨੂੰ ਔਰਤ ਦਾ ਸਤਿਕਾਰ ਕਰਨਾ ਸਿਖ਼ਾਇਆ ਅਤੇ ਜਿਸ ਦੀ ਕਿ ਉਹ ਹੱਕਦਾਰ ਹੈ। ਮੈਂ ਔਰਤ ਨੂੰ ਮਾਂ, ਭੈਣਾਂ, ਪਤਨੀ ਅਤੇ ਧੀਆਂ ਦੇ ਰੂਪ 'ਚ ਦੇਖਿਆ ਹੈ। ਸ਼ਾਇਦ ਮੇਰੀ ਚੰਗੀ ਕਿਸਮਤ ਹੈ ਕਿ ਮੇਰਾ ਉਨ੍ਹਾਂ ਨਾਲ ਤਜਰਬਾ ਚੰਗਾ ਰਿਹਾ।

ਹਾਂ, ਔਰਤ ਦੇ ਰੂਪ ਜਿੰਨ੍ਹਾਂ 'ਚ ਮੈਨੂੰ ਕੋਈ ਖਰਾਬੀ ਲੱਗੀ, ਇੱਕ ਮਤਰੇਈ ਮਾਂ ਦਾ ਰੂਪ ਤੇ ਦੂਸਰਾ ਸੱਸ ਦਾ ਰੂਪ, ਇਹ ਸ਼ਾਇਦ ਔਰਤ ਦੇ ਸਿੱਕੇ ਦਾ ਦੂਸਰਾ ਪਾਸਾ ਹਨ। ਉਹੀ ਮਤਰੇਈ ਕਿਸੇ ਵਾਸਤੇ ਮਾਂ ਦਾ ਰੂਪ ਹੈ ਤੇ ਉਹੀ ਸੱਸ ਕਿਸੇ ਧੀ ਵਾਸਤੇ ਮਾਂ ਹੈ। ਇਸ ਵਿੱਚ ਵੀ ਸ਼ਾਇਦ ਮਰਦ ਦਾ ਕੋਈ ਕਸੂਰ ਹੈ।

ਜੇਕਰ ਮਰਦ ਆਪਣੀ ਔਰਤ ਦੀ ਮੌਤ ਦੇ ਮਗਰੋਂ ਜਾਂ ਉਸ ਦੇ ਹੁੰਦਿਆਂ ਹੋਇਆਂ ਕਿਸੇ ਹੋਰ ਔਰਤ ਨਾਲ, ਜੋ ਉਸ ਦੀ ਧੀ ਦੇ ਸਮਾਨ ਹੋਵੇ, ਵਿਆਹ ਨਾ ਕਰਾਵੇ ਤਾਂ ਸ਼ਾਇਦ ਔਰਤ 'ਲੂਣਾ' ਬਣ ਕੇ ਬਦਨਾਮ ਨਾ ਹੋਵੇ। ਜੇਕਰ ਮਰਦ ਆਪਣੀ ਮਾਂ ਦਾ ਪੂਰਾ ਸਤਿਕਾਰ ਕਰਦੇ ਹੋਏ ਆਪਣੀ ਪਤਨੀ ਨੂੰ ਵੀ ਪੂਰਾ ਹੱਕ

ਦੇਣ ਤਾਂ ਸ਼ਾਇਦ ਨੂੰਹ-ਸੱਸ ਦਾ ਝਗੜਾ ਵੀ ਖਤਮ ਹੋ ਜਾਏ।

ਅਗਰ ਔਰਤਾਂ ਹੀ ਇਹ ਸੋਚਣ ਕਿ ਮਰਦ ਤਾਂ ਉਨ੍ਹਾਂ ਨਾਲ ਬੁਰਾ ਕਰਦਾ ਹੀ ਆਇਆ ਹੈ ਤੇ ਇਹ ਉਹਦੀ ਆਦਤ ਬਣ ਚੁੱਕੀ ਹੈ। ਜੇ ਇਹ ਖੁਦ ਹੀ ਇਕ ਦੂਜੇ ਦੀ ਮੱਦਦ ਕਰਨ ਤਾਂ ਵੀ ਔਰਤ ਦਾ ਜੀਵਨ ਸੁਧਰ ਸਕਦਾ ਹੈ। ਜਿਥੋਂ ਤੱਕ ਦੇਖਣ ਵਿੱਚ ਆਉਂਦਾ ਹੈ, ਔਰਤ ਨੂੰ ਸਤਾਉਣ ਵਿੱਚ ਔਰਤ ਦਾ ਹੀ ਹੱਥ ਹੈ। ਜਦ ਕਿਸੇ ਔਰਤ ਦੇ ਧੀ ਜੰਮਦੀ ਹੈ, ਤਾਂ ਮਰਦ ਸ਼ਾਇਦ ਘੱਟ ਹੀ ਕਹਿੰਦੇ ਹਨ। ਹਰ ਸ਼ਰੀਕੇ ਦੀਆਂ ਔਰਤਾਂ ਹੀ ਆ ਕੇ ਮਿਹਣੇ ਮਾਰਦੀਆਂ ਹਨ, ਕਿ 'ਕਲਮੂੰਹੀ ਨੂੰ ਤਾਂ ਪੱਥਰ ਜੰਮਿਆ ਹੈ'। ਨੂੰਹਾਂ ਨੂੰ ਘਰ ਵਿਚ ਸਹੁਰਾ, ਦਿਉਰ ਤੇ ਜੇਠ ਤਾਂ ਤੰਗ ਨਹੀਂ ਕਰਦੇ। ਸੱਸਾਂ ਤੇ ਨਨਾਣਾਂ ਹੀ ਤੰਗ ਕਰਦੀਆਂ ਹਨ। ਜੋ ਨੂੰਹ ਅੱਜ ਸੱਸ ਦੇ ਹੱਥੋਂ ਤੰਗ ਹੈ, ਜਦੋਂ ਉਸ ਦਾ ਸੱਸ ਤੋਂ ਕਿਸੇ ਤਰ੍ਹਾਂ ਖਹਿੜਾ ਛੁੱਟ ਜਾਂਦਾ ਹੈ 'ਤੇ ਫਿਰ ਜਦੋਂ ਉਹ ਖੁਦ ਸੱਸ ਬਣ ਜਾਂਦੀ ਹੈ ਤਾਂ ਆਪਣੀਆਂ ਨੂੰਹਾਂ ਦਾ ਉਹ ਹਾਲ ਕਰਦੀ ਹੈ ਜੋ ਉਸ ਦੀ ਸੱਸ ਕਰਦੀ ਸੀ। ਅਗਰ ਅੱਜ ਦੀਆਂ ਨੂੰਹਾਂ ਕੁਝ ਸਬਕ ਪੱਲੇ ਬੰਨ੍ਹ ਲੈਣ ਕਿ ਉਹ ਆਪਣੀ ਸੱਸ ਦਾ ਬਦਲਾ ਆਪ ੀਆਂ ਨੂੰਹਾਂ ਤੋਂ ਨਹੀਂ ਲੈਣਗੀਆਂ, ਤਾਂ ਸ਼ਾਇਦ ਇਸ ਰਿਸ਼ਤੇ ਵਿਚ ਵੀ ਸੁਧਾਰ ਹੋ ਜਾਏ। ਪਤਾ ਨਹੀਂ ਔਰਤਾਂ ਇੰਜ ਕਿਉਂ ਕਰਦੀਆਂ ਹਨ, ਸ਼ਾਇਦ ਕੋਈ ਸੱਸ ਹੀ ਦੱਸ ਸਕਦੀ ਹੈ।

ਇਕ ਇੱਥੇ ਮੇਰੇ ਦੇਖਣ ਵਿਚ ਆਇਆ ਹੈ ਕਿ ਅੱਧਖੜ ਉਮਰ ਦੇ ਦਹਾਜੂ, ਕਈ ਤਾਂ ਪੋਤੇ ਪੋਤੀਆਂ ਵਾਲੇ ਹਨ, ਆਪਣੇ ਵਾਲ ਰੰਗ ਕੇ ਵਤਨ ਤੋਂ ਆਪਣੀਆਂ ਧੀਆਂ ਨਾਲੋਂ ਵੀ ਛੋਟੀਆਂ ਬੱਚੀਆਂ ਨਾਲ ਵਿਆਹ ਕਰਵਾ ਕੇ ਲੈ ਆਉਂਦੇ ਹਨ। ਉਨ੍ਹਾਂ ਦਾ ਜੋ ਹਾਲ ਦੇਖਣ ਵਿਚ ਆਇਆ ਹੈ ਉਸ ਦੇ ਆਧਾਰ 'ਤੇ ਹੀ 'ਪ੍ਰਦੇਸਣ ਧੀ ਦੀ ਚਿੱਠੀ' ਦਾ ਜਨਮ ਹੋਇਆ।

ਇਸ ਪੁਸਤਕ ਨੂੰ ਤੁਹਾਡੇ ਤੱਕ ਪਹੁੰਚਾਉਣ 'ਚ ਗੁਰਲਾਲ ਸਿੰਘ ਗਿੱਲ (ਉਸ ਨੂੰ ਅਸੀਂ ਪਿਆਰ ਨਾਲ 'ਲਾਲੀ' ਕਹਿੰਦੇ ਹਾਂ) ਦਾ ਬਹੁਤ ਹੱਥ ਹੈ। ਜਿਸ ਨੇ ਇੰਨ੍ਹਾਂ ਸਾਰੀਆਂ ਕਵਿਤਾਵਾਂ ਨੂੰ ਟਾਈਪ -ਸੈਟ ਕੀਤਾ ਹੈ ਤੇ ਉਸ ਨਾਲ ਬੀਬੀ ਮਹਿੰਦਰ ਕੌਰ ਅਟਵਾਲ ਨੇ ਕੁਝ ਕਵਿਤਾਵਾਂ ਟਾਈਪ ਕਰਨ 'ਚ ਮੇਰੀ ਮੱਦਦ ਕੀਤੀ ਹੈ ਤੇ ਸਾਰੇ ਖਰੜੇ ਨੂੰ ਪੜ੍ਹ ਕੇ ਸੋਧਿਆ ਹੈ। ਮੈਂ ਉਨ੍ਹਾਂ ਦਾ ਵੀ ਦਿਲੋਂ ਧੰਨਵਾਦੀ ਹਾਂ।

ਅੱਗੇ ਸਭ ਕੁਝ ਪਾਠਕਾਂ ਦੇ ਹੱਥ ਹੈ। ਜੋ ਚੰਗਾ ਮਾੜਾ ਹੈ ਕਬੂਲ ਕਰਨਾ, ਉਨ੍ਹਾਂ ਦੇ ਸੁਝਾਅ ਸਿਰ ਮੱਥੇ। ਹੇਠ ਲਿਖੇ ਪਤੇ 'ਤੇ ਭੇਜ ਦੇਣੇ। ਉਮੀਦ ਹੈ ਕਿ ਇਸ ਵਿਚ ਕਈ ਖਾਮੀਆਂ ਹੁੰਦਿਆਂ ਹੋਇਆਂ ਵੀ ਤੁਸੀਂ ਇਸ ਨੂੰ ਕਬੂਲ ਕਰੋਗੇ। ਇਸ ਨੂੰ ਪੜ੍ਹ ਕੇ ਜੇਕਰ ਇਕ ਵੀ ਔਰਤ ਦਾ ਜੀਵਨ ਸੌਖਾ ਹੋ ਗਿਆ ਤਾਂ ਮੈਂ ਸਮਝਾਂਗਾ ਕਿ ਮੇਰਾ ਯਤਨ ਸਫਲ ਰਿਹਾ।



ਆਖਰ ਵਿਚ ਮੈਂ ਸ਼ੁਕਰ ਗੁਜ਼ਾਰ ਹਾਂ ਉਸ ਦਾਤੇ ਦਾ, ਜਿਸ ਦੀ ਅਥਾਹ ਕ੍ਰਿਪਾ ਦੇ ਸਦਕੇ ਮੈਂ ਇਹ ਕਵਿਤਾਵਾਂ ਲਿਖ ਸਕਿਆ ਹਾਂ। ਉਸਦੀ ਮਿਹਰ ਦੇ ਸਦਕੇ ਹੀ ਇਹ ਕਿਤਾਬ ਦੇ ਰੂਪ ਵਿਚ ਤੁਹਾਡੇ ਸਾਮਹਣੇ ਹਨ।

ਤੁਹਾਡਾ ਦਾਸ

ਹਰਭਜਨ ਸਿੰਘ 'ਭੱਜੀ'

5345 N. Eldorado St. # 3
Stockton, Ca 95207

## ਤਤਕਰਾ


| | | |
|---|---|---|
| 1. | ਔਰਤ | 1 |
| 2. | ਮਾਂ | 35 |
| 3. | ਮਾਂ ਦੀ ਯਾਦ | 46 |
| 4. | ਮਾਂ ਦੀ ਬਰਸੀ | 49 |
| 5. | ਬਚਪਨ | 53 |
| 6. | ਮਤਰੇਈ | 61 |
| 7. | ਮਾਸੀ | 69 |
| 8. | ਧੀ | 72 |
| 9. | ਧੀ ਦੀ ਫਰਿਆਦ | 88 |
| 10. | ਪਰਦੇਸਣ ਧੀ ਦੀ ਚਿੱਠੀ | 92 |
| 11. | ਤੀਆਂ | 117 |
| 12. | ਇਕ ਵੇਲ | 120 |
| 13. | ਮੇਰੀਆਂ ਧੀਆਂ | 125 |

# ਔਰਤ

ਜੰਮ ਕੇ ਇਹੋ, ਦਰਦ ਦੀ ਕੁੱਖੋਂ, ਸਾਰੀ ਉਮਰ ਹੈ ਦਰਦ ਹੰਢਾਉਂਦੀ ॥
ਕਦੇ ਨਾ ਕਿਸੇ, ਨਚਾਏ ਖੁਸਰੇ, ਜਿਸ ਵਿਹੜੇ 'ਚ ਪੈਰ ਇਹ ਪਾਉਂਦੀ ॥

*ਹਰਭਜਨ ਸਿੰਘ ਭੱਜੀ*



## ਔਰਤ
(ਔਰਤ ਜਾਤ ਦੇ ਨਾਂ)

1

ਡਰਦਾ ਹਾਂ,
ਜਾਣ ਕੌੜਾ ਸੱਚ ਇਹ,
ਗੁੱਸੇ ਨਾ ਹੋ ਜਾਣ,
ਮੇਰੀ ਬਾਤ ਤੇ ਲੋਕ ।
ਮਰਦ ਹੋ ਕੇ,
ਗੱਲ ਕਰਾਂ ਔਰਤ ਦੀ,
ਗੁੱਸੇ ਨਾ ਹੋ ਜਾਣ ਕਿਤੇ,
ਮੇਰੀ ਜਾਤ ਦੇ ਲੋਕ ।

ਤੱਕ ਹਾਲਤ,
ਕਈ ਵਾਰ ਔਰਤ ਦੀ,
ਇਹ ਮਰਦ,
ਸ਼ਰਮਿੰਦਾ ਹੋਇਆ ਹੈ ।
ਰੋਣਾ ਕਹਿੰਦੇ ਨਹੀਂ,
ਕੰਮ ਮਰਦ ਦਾ,
ਪਰ ਇਹ ਤਾਂ,
ਕਈ ਵਾਰ ਰੋਇਆ ਹੈ ।
ਅੱਜ ਬੇਕਾਬੂ ਹੋ,
ਮੇਰੀ ਕਲਮ ਨੇ,
ਨੀਰ ਅੱਖਾਂ 'ਚੋਂ ਚੋਇਆ ਹੈ ।

2

'ਔਰਤ' ਦਾ ਮਤਲਬ,
ਇਕ ਚੀਜ਼ ਉਹ ਐਸੀ,
ਜੋ ਲੁਕਾ ਕੇ ਰੱਖੋ ਜੱਗ ਤੋਂ ।
'ਨਾਰੀ' ਦਾ ਮਤਲਬ,
ਇਕ ਸ਼ੈਤਾਨ ਉਹ ਐਸਾ,
ਜੋ ਜੰਮਿਆ ਹੋਵੇ ਅੱਗ ਤੋਂ ।

'ਅਬਲਾ' ਦਾ ਮਤਲਬ,
ਇਨਸਾਨ ਉਹ ਐਸਾ,
ਜਦੋਂ ਚਿੱਤ ਕਰੋ ਕਢੋ ਗਾਲੀ ।
ਉਹਦੇ ਵਿਚ ਤਾਂ,
ਬਲ ਨਾ ਕੋਈ,
ਅਕਲੋਂ ਭੀ ਉਹ ਖ਼ਾਲੀ ।

'ਭੰਡ' ਦਾ ਮਤਲਬ,
ਇਕ ਚੀਜ਼ ਉਹ ਐਸੀ,
ਜਦ ਚਿੱਤ ਕਰੇ ਉਹਨੂੰ ਭੰਡੋ ।
ਉਹਦੀ ਹਰ ਇਕ,
ਮਾੜੀ ਗੱਲ ਨੂੰ,
ਛੱਜ ਵਿਚ ਪਾ ਕੇ ਛੰਡੋ ।

ਜਾਂ ਭੰਡ ਦਾ ਮਤਲਬ,
ਹੁੰਦਾ ਭਾਂਡਾ,
ਜਿਵੇਂ ਪਰਾਤ ਜਾਂ ਥਾਲੀ ।
ਕਿਹਾ ਔਰਤ ਨੂੰ,
ਬਰਤਨ ਐਸਾ,
ਸੰਤਾਨ ਹੈ ਜਿਸ ਵਿਚ ਪਾਲੀ ।

'ਰੰਡ' ਦਾ ਮਤਲਬ,
ਜਿਹਨੂੰ ਫਲ ਨਾ ਲੱਗੇ,
ਜਿਵੇਂ ਹੁੰਦੀ ਕੋਈ ਬੰਜਰੀ ।



'ਰੰਡ' ਦਾ ਮਤਲਬ,
ਕੋਈ ਵਿਧਵਾ,
ਜਾਂ ਫੇਰ ਕੋਈ ਕੰਜਰੀ ।

ਮਸਲ ਸਕੇ,
ਜਿਹੜਾ ਨਾਲ ਸਖ਼ਤੀ ਦੇ,
ਉਹੋ ਹੀ ਹੋ ਸਕਦਾ ਹੈ ਮਰਦ ।
ਮਸਲਣ ਲਗਿਆਂ,
ਕਿਸੇ ਭੀ ਚੀਜ਼ ਨੂੰ,
ਜਿਹਨੂੰ ਹੋਵੇ ਨਾ ਕੋਈ ਦਰਦ ।

ਕਿਸੇ ਨੇ ਆਖਿਆ,
ਇਹਨੂੰ 'ਬੁੱਢੀ',
ਕਿਸੇ 'ਜੋਰੂ' ਕਿਸੇ 'ਭਾਯਾ' ।
ਉਸ ਹੀ ਨਾਂ ਨਾਲ,
ਇਹਨੂੰ ਸੱਦ ਲਿਆ,
ਜੋ ਮਰਦਾਂ ਦੇ ਮੂੰਹ ਵਿਚ ਆਇਆ ।

ਜਿੰਨੇ ਭੀ ਨਾਂ ਮੈਂ,
ਸੁਣੇ ਔਰਤ ਲਈ,
ਨਹੀਂ ਇਕ ਵੀ ਉਹਨਾਂ 'ਚੋਂ ਚੰਗਾ ।
ਇਹ ਨਾਂ ਤਾਂ ਸਭ,
ਦਿੱਤੇ ਮਰਦ ਨੇ,
ਨਾ ਇਹ ਕਹਿੰਦਾ ਮੈਂ ਸੰਗਾਂ ।

ਔਰਤ,
ਅਸਲ ਵਿਚ,
ਜੀ ਹੈ 'ਉਹ',
ਜੋ ਤੇਰੀ ਰੱਤ ਦਾ ਹਿੱਸਾ ਹੈ ।
ਇਸੇ ਔਰਤ ਦੀ,
ਬੇਬਸੀ ਦਾ,
ਅੱਗੇ ਸਾਰਾ ਕਿੱਸਾ ਹੈ ।

3

ਰੱਬ,
ਸਾਜਣ ਲੱਗਾ,
ਜਦੋਂ ਇਹ ਦੁਨੀਆਂ,
ਪਹਿਲਾਂ ਉਸ ਨੇ ਮਰਦ ਬਣਾਇਆ।
ਬਣਾ ਕੇ,
ਇਕ ਮਿੱਟੀ ਦਾ ਪੁਤਲਾ,
ਉਸ ਵਿਚ ਸਾਹ,
ਰੱਬ ਆਪਣਾ ਪਾਇਆ।
ਚਮੜੇ ਵਿਚ,
ਲਿਪਟਿਆ ਹੋਣ ਕਰਕੇ,
ਉਹ ਮਰਦ 'ਆਦਮ' ਅਖਵਾਇਆ।
ਇਕ ਦਿਨ,
ਉਹਦੇ ਇਕੱਲੇਪਣ ਤੇ,
ਰੱਬ ਨੂੰ ਭੋਰਾ ਤਰਸ ਸੀ ਆਇਆ।

ਸੁੱਤੇ ਪਏ ਦੀ,
ਕੱਢ ਇਕ ਪਸਲੀ,
ਉਸ ਨੇ ਇਕ ਔਰਤ ਬਣਾਈ।
ਕੋਈ ਉਹਨੂੰ,
ਪਿਆ 'ਈਵ' ਸੀ ਕਹਿੰਦਾ।
ਕੋਈ ਆਖੇ ਉਹਨੂੰ 'ਹਵਾ' ਮਾਈ।
ਬਣੀ ਹੋਈ ਸੀ,
ਉਹ ਆਦਮ ਦੇ ਅੰਗੋਂ,
ਆਦਮ ਨੇ ਸਦਾ ਅੰਗ ਨਾ ਲਾਈ।
ਉਹਦੇ ਬਿਨਾਂ ਸੀ,
ਮਰਦ ਅਧੂਰਾ,
ਤੇ ਉਹ ਅਰਧਾਂਗੀ ਅਖਵਾਈ।

ਨੰਗੇ ਉਹੋ,
ਦੋਨੋਂ ਬਿਨਾਂ ਸ਼ਰਮ ਤੋਂ,
ਅਰਸ਼ੀ ਬਾਗ਼ 'ਚ ਮੌਜਾਂ ਮਾਨਣ।



ਆਖੇ ਲੱਗ,
ਸ਼ੈਤਾਨ ਦੇ ਉਹਨਾਂ ਨੂੰ,
ਇਕ ਹੋ ਗਿਆ ਸੀ,
ਗ਼ਲਤ ਹੀ ਚਾਨਣ।

ਖਾ ਲਿਆ ਉਹਨਾਂ,
ਉਹੋ ਫਲ ਸੀ,
ਜਿਸ ਤੋਂ ਰੱਬ ਨੇ ਸੀ ਵਰਜਿਆ।
ਹੁਕਮ ਅਦੂਲੀ,
ਹੋਈ ਦੇਖ ਹੁਕਮ ਦੀ,
ਰੱਬ ਉਹਨਾਂ ਉਤੇ ਸੀ ਗਰਜਿਆ।

ਸੁੱਟ ਦਿੱਤਾ,
ਉਹਨਾਂ ਨੂੰ ਧਰਤੀ ਤੇ,
ਮੇਹਨਤ ਕਰਕੇ ਖਾਣਾ ਪੈ ਗਿਆ।
ਐਸ਼ ਆਰਾਮ,
ਉਹ ਸੁਰਗਾਂ ਵਾਲੇ,
ਸਭ ਰੱਬ ਉਹਨਾਂ ਤੋ ਖੋਹ ਕੇ ਲੈ ਗਿਆ।

ਆਪਣੀ ਗ਼ਲਤੀ ਤੇ,
ਰੋਈ ਔਰਤ,
ਬੰਦਾ ਸਿਰ ਆਪਣਾ ਫੜ ਬਹਿ ਗਿਆ।
"ਰਹਿ ਨਾ ਸਕੋਗੇ,
ਬਿਨਾਂ ਇਕ ਦੂਏ ਦੇ,
ਪਰ ਇਕੱਠੇ ਹੋਵੋਗੇ,
ਸਦਾ ਲੜੋਗੇ,"
ਜਾਂਦਾ ਜਾਂਦਾ ਰੱਬ ਇਹ ਕਹਿ ਗਿਆ।

ਰੱਬ ਦਾ ਕਹਿਣਾ,
ਨਾ ਮੰਨ ਉਹਨਾਂ,
ਕੀਤਾ ਸੀ ਇਕ ਵੱਡਾ ਪਾਪ।
ਜੰਮੋਂ ਮਰੋ,

ਤੇ ਮਰ ਮਰ ਜੰਮੋਂ,
ਰੱਬ ਨੇ ਦਿੱਤਾ ਇਕ ਸਰਾਪ ।

4
ਔਰਤ ਦੀ ਕੁੱਖੋਂ,
ਪੈਦਾ ਹੋਏ,
'ਕੇਨ' 'ਏਬਲ' ਤੇ 'ਸੇਤ' ।
ਢਿੱਡ ਭਰਨ ਲਈ,
ਉਹਨਾਂ ਆਰੰਭ ਕਰ ਦਿੱਤੇ,
ਵਾਹੁਣੇ ਅਤੇ ਬੀਜਣੇ ਖੇਤ ।

ਬੰਦੇ ਦੇ ਅੰਗੋਂ,
ਜੰਮੀ ਔਰਤ,
ਔਰਤ ਦੀ ਕੁੱਖੋਂ,
ਜੰਮਿਆ ਬੰਦਾ ।
ਉਸ ਤੋਂ ਫਿਰ,
ਸ਼ੁਰੂ ਹੋ ਗਿਆ,
ਦੁਨੀਆਂਦਾਰੀ ਦਾ ਇਹ ਧੰਦਾ ।
ਕਹਿੰਦੇ,
ਹਰ ਬੰਦੇ ਵਿਚ,
ਛੁਪੀ ਹੈ ਔਰਤ,
ਹਰ ਔਰਤ ਦੇ ਵਿੱਚ ਹੈ ਬੰਦਾ ।

5
ਔਰਤ ਨੂੰ ਹੀ,
ਸਮਝਿਆ ਆਦਮ,
ਆਪਣੇ ਸਭ ਦੁੱਖਾਂ ਦਾ ਕਾਰਨ ।
ਗੱਲ ਗੱਲ ਤੇ,
ਉਹ ਫੇਰ ਲੱਗਾ,
ਔਰਤ ਨੂੰ ਨਿੱਤ ਮਿਹਣੇ ਮਾਰਨ ।
ਆਖ਼ਿਰ ਬੰਦੇ ਨੂੰ,
ਹੋਇਆ ਮਾਣ ਬਾਹਾਂ ਤੇ,



ਔਰਤ ਨੂੰ ਆਖਣ ਲਗ ਪਿਆ ਅਬਲਾ ।
ਚਿੱਤ ਕੀਤਾ,
ਜਦ ਕੁੱਟੀ ਉਸ ਨੇ,
ਜਿਵੇਂ ਤਬਲਚੀ ਕੁੱਟਦਾ ਤਬਲਾ ।

ਔਰਤ ਨੂੰ ਹੈ,
ਉਸ ਨੇ ਆਖਿਆ,
ਇਹ ਔਰਤ ਤਾਂ,
ਪੈਰ ਦੀ ਜੁੱਤੀ ।
ਇਸ ਔਰਤ ਦੀ,
ਜਾਤ ਕਮੀਨੀ,
ਇਸ ਔਰਤ ਦੀ,
ਜਾਤ ਹੈ ਕੁੱਤੀ ।

ਚਿੱਤ ਕੀਤਾ ਜਦ,
ਖੇਡਿਆ ਇਸ ਨਾਲ,
ਚਿੱਤ ਕੀਤਾ,
ਪਰ੍ਹੇ ਹੈ ਸੁੱਟੀ ।
ਔਰਤ ਦਾ,
ਉਹ ਬਣ ਗਿਆ ਮਾਲਕ,
ਜਦ ਚਾਹਿਆ,
ਇਸ ਦੀ ਅਸਮਤ ਲੁੱਟੀ ।
ਮਰਦ ਦੇ ਧੱਕੇ ਨੂੰ,
ਜਾਇਜ਼ ਮੰਨਣ ਲਈ,
ਧਰਮਾਂ ਨੇ ਦਿੱਤੀ ਖੁੱਲ੍ਹੀ ਛੁੱਟੀ ।
ਬਾਬੇ ਆਦਮ ਤੋਂ ਲੈ,
ਹੁਣ ਤਾਈਂ,
ਔਰਤ ਦੀ,
ਰਹੀ ਕਿਸਮਤ ਫੁੱਟੀ ।

6
ਜੰਮੇ ਇਸ,
ਦੁਨੀਆਂ ਦੇ ਰਾਜੇ,
ਜੰਮੇ ਇਸ ਨੇ ਪੀਰ ਮਸੀਹੇ ।
ਪਰ ਹਰ ਮਰਦ ਨੇ,
ਧਰਮ ਦੇ ਨਾਂ ਤੇ,
ਇਹਨੂੰ ਦਿੱਤੇ ਲੱਖਾਂ ਤਸੀਹੇ ।

ਭਾਵੇਂ ਧਰਮ ਦੇ ਰਾਖੇ,
ਪੈਦਾ ਹੋਏ,
ਸਦਾ ਹੀ,
ਇਸ ਔਰਤ ਦੀ ਕੁੱਖੋਂ ।
'ਸਤੀ' ਇਸ ਨੂੰ,
ਹੋਣਾ ਪੈ ਗਿਆ,
ਕਈ ਵਾਰ,
ਧਰਮਾਂ ਦੇ ਦੁੱਖੋਂ ।

ਖੁਦਾ ਦੇ ਘਰ ਜਾ,
ਉਹਨੂੰ ਪੂਜਣ ਦੀ,
ਇਸ ਔਰਤ ਨੂੰ,
ਇਜਾਜ਼ਤ ਨਹੀਂ ਹੈ ।
ਖੁਦਾ ਦੀ ਇਬਾਦਤ ਤੇ,
ਸਿਰਫ਼ ਹੱਕ ਮਰਦਾਂ ਦਾ,
ਇਹਦੀ ਇਬਾਦਤ ਤਾਂ,
ਇਬਾਦਤ ਨਹੀਂ ਹੈ ।

ਧਰਮ,
ਇਹ ਇਜਾਜ਼ਤ ਨਹੀਂ ਦੇਂਦਾ,
ਕਿ ਔਰਤ ਕਰੇ,
ਕਿਸੇ ਨਾਲ ਪਿਆਰ ।
ਪਰ ਮਰਦ ਨੂੰ,
ਪੂਰਾ ਹੱਕ ਹੈ,



ਉਹ ਰੱਖ ਸਕਦਾ,
ਔਰਤਾਂ ਚਾਰ ।

7
'ਮਨੂੰ' ਜਦ ਸਿਮਰਤੀ,
ਲਿਖਣ ਲੱਗਾ,
ਕਹਿੰਦਾ ਰੱਖਣਾ ਇਸ ਦਾ ਧਿਆਨ ।
ਹੋਰ ਚਾਹੇ,
ਤੁਸੀਂ ਕੁਛ ਵੀ ਕਰਿਓ,
ਔਰਤ ਨੂੰ ਨਾ ਦਿਉ ਗਿਆਨ ।

ਤੁਹਾਡਾ ਜਿਊਣਾ,
ਹੋ ਗਿਆ ਔਖਾ,
ਜਿਸ ਦਿਨ ਦਾ ਇਸ ਖਾਧਾ ਸਿਉ ।
ਗਿਆਨਵਾਨ,
ਜੇਕਰ ਇਹ ਹੋ ਗਈ,
ਹਰ ਗੱਲ ਤੇ ਪੁੱਛੇਗੀ ਕਿਉਂ ?

ਇਸ ਔਰਤ ਨੂੰ,
ਔਰਤ ਕਰਕੇ,
ਵੇਦ ਵਿੱਦਿਆ ਦਾ,
ਨਹੀਂ ਹੈ ਅਧਿਕਾਰ ।
ਵੇਦ ਮੰਤਰਾਂ ਨਾਲ,
ਕਦੇ ਨਾ ਕਰਨਾ,
ਔਰਤ ਦਾ ਕੋਈ ਸੰਸਕਾਰ ।

ਫਸ ਨਾ ਜਾਇਓ,
ਇਹਦੇ ਚੱਕਰਾਂ ਵਿਚ,
ਦੇਖ ਕੇ ਇਹਦੀ ਸੋਹਣੀ ਸੂਰਤ ।
ਇਹ ਔਰਤ,
ਅਗਿਆਨ ਦੀ ਦੇਵੀ,
ਇਹ ਔਰਤ ਹੈ,

ਝੂਠ ਦੀ ਮੂਰਤ ।
ਕਰਮ ਸ਼ਾਸਤਰ ਵਿੱਚ,
ਕਿਹਾ ਉਹਨਾਂ ਨੇ,
ਇਹ ਔਰਤ ਦੀਆਂ ਕਿਸਮਾਂ ਚਾਰ ।
ਇਹਨੂੰ ਭੀ,
ਉਸੇ ਤਰ੍ਹਾਂ ਵੰਡਿਆ,
ਜਿਵੇਂ ਵੰਡੇ,
ਬਾਹਮਣ, ਖੱਤਰੀ, ਜੱਟ ਤੇ ਚਮਿਆਰ ।

ਔਰਤ ਦੇ ਤੱਕ,
ਡੀਲ ਡੌਲ ਨੂੰ,
ਕਿਹਾ ਜੋ ਉਹਨਾਂ ਦੇ ਮਨ ਵਿਚ ਆਈ ।
'ਸੰਖਣੀ' ਕਿਹਾ, ਉਹਨਾਂ ਸਭ ਤੋਂ ਰੱਦੀ
'ਪਦਮਨੀ' ਉਹੋ, ਜੋ ਮਨ ਨੂੰ ਭਾਈ
ਜੋ ਕੋਮਲ ਫੁੱਲ ਵਰਗੀ,
ਪਰ ਉਹਨੂੰ ਹੰਕਾਰ ਨਾ ਹੋਵੇ ।
ਖਾਵੇ ਘੱਟ,
ਗੁੱਸਾ ਭੀ ਘੱਟ,
ਤੇ ਬਹੁਤਾ ਉਹਦਾ ਭਾਰ ਨਾ ਹੋਵੇ ।

'ਚਿਤਰਨੀ' ਉਹੋ,
ਜੋ ਨਚਦੀ ਅਤੇ ਗਾਉਂਦੀ ਹੋਵੇ ।
ਦੇਖਣ ਨੂੰ
ਉਹ ਹੋਵੇ ਸੋਹਣੀ,
ਮਰਦ ਦੇ ਮਨ ਨੂੰ ਭਾਉਂਦੀ ਹੋਵੇ ।
'ਹਸਤਨੀ' ਉਹੋ,
ਜੋ ਲੰਮੀ ਡੀਲ ਡੌਲ ਦੀ,
ਹੋਣ ਜਿਸ ਔਰਤ ਦੇ ਲੰਮੇ ਵਾਲ ।
ਥੋੜ੍ਹਾ ਜਿਹਾ,
ਹੋਵੇ ਉਸ ਵਿਚ ਨਖ਼ਰਾ,
ਚਲੇ ਉਹ ਮਸਤ ਜਹੀ ਚਾਲ ।



'ਸਖਨੀ',
ਜੋ ਔਰਤ ਜਾਤ 'ਚੋਂ,
ਗਿਣੀ ਗਈ ਹੈ ਸਭ ਤੋਂ ਨੀਵੀਂ ।
ਮੇਹਨਤ ਨਾਲ,
ਜਿਹਦੇ ਭਿੱਜੇ ਕਪੜੇ,
ਇਹ ਹੈ ਉਹ ਆਮ ਜਿਹੀ ਤੀਵੀਂ ।

ਇਸ ਤਰ੍ਹਾਂ ਉਹਨਾਂ,
ਚਾਰ ਵੰਡੀਆਂ ਪਾਈਆਂ,
ਦੇਖ ਔਰਤ ਦੇ ਚੰਮ ਨੂੰ ।
ਹਰ ਇਕ ਕਿਸਮ ਦੇ,
ਫੇਰ ਤਿੰਨ ਹਿੱਸੇ ਕੀਤੇ,
ਦੇਖ ਉਹਨਾਂ ਦੇ ਕੰਮ ਨੂੰ ।

'ਸਾਧਵੀਂ',
ਉਹਨਾਂ ਕਿਹਾ,
ਉਸ ਔਰਤ ਨੂੰ,
ਜੋ ਰੱਬ ਵਾਂਗ ਕਰੇ,
ਬੰਦੇ ਦੀ ਪੂਜਾ ।
ਪਤੀ ਕੋਲੋਂ,
ਕੋਈ ਆਸ ਨਾ ਰੱਖੇ,
ਤੱਕੇ ਨਾ ਕੋਈ ਮਰਦ ਉਹ ਦੂਜਾ ।

'ਭੋਗਿਆ' ਉਹ,
ਆਮ ਜਿਹੀ ਔਰਤ,
ਜੋ ਰੱਖੇ ਪਤੀ ਕੋਲੋਂ ਆਸ ।
ਫਰਜ਼ ਨਿਭਾਵੇ,
ਮਾਂ ਤੇ ਪਤਨੀ ਦਾ,
ਰੱਖੇ ਆਪਣੀ ਜਗ੍ਹਾ ਹੀ ਖ਼ਾਸ ।

ਜੋ ਔਰਤ ਨਾ,
ਬਣ ਸਕੀ ਸਾਧਵੀਂ,

ਜਿਹਦਾ ਕੰਮ ਹੋਵੇ ਇਸ ਤੋਂ ਉਲਟਾ ।
ਉਸ ਔਰਤ ਨੂੰ,
ਇਹਨਾਂ ਲੋਕਾਂ ਭੰਡਿਆ,
ਉੱਚੀ ਉੱਚੀ ਕਹਿ ਕੇ 'ਕੁਲਟਾ' ।

8

ਔਰਤ ਬਾਰੇ,
ਲਿਖਦਿਆਂ ਲਿਖਦਿਆਂ,
ਲਿਖਿਆ ਇਕ ਹੋਰ,
ਉੱਘੇ ਲਿਖਾਰੀ ।
ਪਸ਼ੂ, ਢੋਰ, ਗਵਾਰ ਤੇ ਨਾਰੀ,
ਇਹ ਸਾਰੇ ਤਾੜਨ ਦੇ ਅਧਿਕਾਰੀ ।
ਕਿਸੇ ਗ਼ੈਰ ਨਾਰ ਤੇ,
ਯਕੀਨ ਨਾ ਕਰਨਾ,
ਦੇਖਣ ਨੂੰ ਲੱਗੇ,
ਭਾਵੇਂ ਕਿੰਨੀ ਪਵਿੱਤਰ ।
ਭੋਲੀ ਸੂਰਤ ਦੇਖ,
ਨਾ ਜਾਲ 'ਚ ਫਸਣਾ,
ਇਹਨਾਂ ਔਰਤਾਂ ਦੇ,
ਚਾਰ ਸੌ ਚਾਰ ਚਰਿੱਤਰ ।

ਆਪਣੀ ਹੈਂਕੜ ਦਾ ਭਾਰ ਵੀ,
ਮਰਦ ਨੇ,
ਔਰਤ ਦੇ ਸਿਰ ਹੀ ਭੰਨਿਆ ਹੈ ।
'ਜ਼ਰ' ਤੇ 'ਜ਼ਮੀਨ' ਵਾਂਗ,
ਇਹਨੂੰ ਭੀ,
ਆਪਸੀ ਝਗੜੇ ਦਾ,
ਇਕ ਕਾਰਨ ਮੰਨਿਆ ਹੈ ।

ਪਰਛਾਵਾਂ ਜੇਕਰ,
ਕਿਸੇ ਮਰਦ ਦਾ ਪੈ ਗਿਆ,
ਤਾਂ 'ਕੁਨਾਰ' ਕੁਲਟਾ ਕਹਿ ਭੰਡਿਆ ਹੈ ।



ਬਿਨਾਂ ਇਹਦੀ ਸਲਾਹ ਤੋਂ,
ਜਾਇਦਾਦ ਦੇ ਵਾਂਗੂੰ,
ਰਲ ਪਾਂਡਵਾਂ ਇਹਨੂੰ ਵੰਡਿਆ ਹੈ ।

ਉਸ ਜ਼ਮਾਨੇ ਵਿਚ ਵੀ ਤਾਂ,
ਕਿਹੜੀ ਇਹਦੀ ਹਾਲਤ ਸੀ ਚੰਗੀ ।
ਕ੍ਰਿਸ਼ਨ ਭਗਵਾਨ ਦੇ,
ਧਰਤੀ ਤੇ ਹੁੰਦਿਆਂ,
'ਕੌਰਵਾਂ' ਕਰਨਾ ਚਾਹਿਆ ਇਹਨੂੰ ਨੰਗੀ ।

ਰਾਮ ਰਾਜ ਦੀਆਂ,
ਲੋਕੀਂ ਕਰਦੇ ਗੱਲਾਂ,
ਉਹਦੇ ਰਾਜ ਵਿਚ,
ਇਕ ਦਿਨ ਐਸਾ ਆਇਆ ਸੀ ।
ਪਾਕ ਪਵਿੱਤਰ,
ਸੀਤਾ ਦੇ ਮੱਥੇ,
ਝੂਠਾ ਕਲੰਕ ਜ਼ਾਲਮਾਂ ਲਾਇਆ ਸੀ ।
ਮਰਦਾਂ ਦੇ ਲੱਗ,
ਰਾਮ ਨੇ ਆਖੇ,
ਸੀਤਾ ਨੂੰ ਭੀ,
ਅਗਨ-ਪ੍ਰੀਖਿਆ ਵਿਚ ਪਾਇਆ ਸੀ ।

ਜੋ ਔਰਤ,
ਨਾਲ ਰਾਮ ਦੇ,
ਚੌਦਾਂ ਸਾਲ ਜੰਗਲਾਂ ਵਿਚ ਫਿਰਦੀ ਰਹੀ ।
ਉਹਦਾ ਸਾਥ,
ਉਸ ਨਹੀਂ ਛੱਡਿਆ,
ਭਾਵੇਂ ਲੱਖ ਮੁਸੀਬਤਾਂ ਵਿਚ,
ਉਹ ਘਿਰਦੀ ਰਹੀ ।

ਉਸੇ ਰਾਮ ਨੇ,
ਇਕ ਧੋਬੀ ਦੇ ਮੇਹਣੇ ਤੇ,

ਉਹਨੂੰ ਘਰ 'ਚੋਂ ਕੱਢ ਦਿੱਤਾ।
ਗਰਭਵਤੀ ਸੀਤਾ ਨੂੰ,
ਇਕ ਜੰਗਲ ਦੇ ਵਿੱਚ,
ਬੱਸ ਰੱਬ ਦੇ ਆਸਰੇ ਛੱਡ ਦਿੱਤਾ।

ਝੂਠਾ ਵਿਆਹ ਕਰ,
ਨਾਲ ਦੇਵਤਿਆਂ ਦੇ,
ਦਿੱਤੀ ਗਈ ਇਹ ਮੰਦਰੀਂ ਚਾੜ੍ਹ।
ਇਹਨਾਂ ਦੇਵ ਦਾਸੀਆਂ ਦੀ,
ਪੱਤ ਬ੍ਰਾਹਮਣਾਂ ਲੁੱਟੀ,
ਲੈ ਪੱਥਰਾਂ ਦੀ ਆੜ।

ਔਰਤ ਦੇ ਖਿਲਾਫ਼ ਸੀ ਹੋਈ,
ਦੁਨੀਆਂ ਦੀ ਹਰ ਖੰਡ।
ਮਰਦ ਜੇਕਰ ਹਾਰ ਗਿਆ ਜੂਆ,
ਤਾਂ ਇਹਨੂੰ ਮਿਲਿਆ ਦੰਡ।
ਕਿਸੇ ਨੇ ਕਿਹਾ,
ਇਹਨੂੰ ਜਾਤ ਕਮੀਨੀ,
ਕਿਸੇ ਨੇ 'ਕੁੱਤੀ ਰੰਡ'।
ਜਦ ਚਿੱਤ ਕੀਤਾ,
ਲਾਈ ਨਾਲ ਛਾਤੀ ਦੇ,
ਜਦ ਚਿੱਤ ਕੀਤਾ ਦਿੱਤੀ ਕੰਡ।

ਨਿੱਕੀ ਨਿੱਕੀ ਗੱਲ ਤੇ,
ਮਰਦ ਇਹਨੂੰ,
ਜਦੋਂ ਰਿਹਾ ਸੀ ਭੰਡ।
ਚੰਗੀਆਂ ਕਿਹੜੀਆਂ,
ਤੇ ਮਾੜੀਆਂ ਕਿਹੜੀਆਂ,
ਉਹ ਪਾ ਰਿਹਾ ਸੀ ਵੰਡ।
ਤਰਸ ਖਾ ਕੇ,
ਇਕ ਰੂਪ ਰੱਬ ਦੇ ਕਿਹਾ,
ਤੁਸੀਂ ਕਿਉਂ ਰਹੇ ਇਹਨੂੰ ਭੰਡ।



"ਭੰਡ ਜੰਮੀਐ,
ਭੰਡ ਨਿੰਮੀਐ,
ਭੰਡ ਮੰਗਣ ਵੀਆਹੁ,
ਭੰਡਹੁ ਹੋਵੈ ਦੋਸਤੀ,
ਭੰਡਹੁ ਚਲੈ ਰਾਹ।
ਭੰਡ ਮੁਆ,
ਭੰਡ ਭਾਲੀਐ,
ਭੰਡ ਹੋਵੈ ਬੰਧਾਨ,
ਸੋ ਕਿਉਂ ਮੰਦਾ ਆਖੀਐ,
ਜਿਤ ਜੰਮੇ ਰਾਜਾਨ।"

ਭਾਵੇਂ ਅੱਜ ਤੋਂ,
ਪੰਜ ਸੌ ਵਰ੍ਹੇ ਪਹਿਲਾਂ,
ਬਾਬੇ ਨਾਨਕ ਇਹ ਸੀ ਕਿਹਾ।
ਪਰ ਬਦਲੀ ਨਾ,
ਇਹ ਹਾਲਤ ਔਰਤ ਦੀ,
ਉਹਦਾ ਹਾਲ ਤਾਂ,
ਉਹ ਹੀ ਰਿਹਾ।

ਬੰਦਾ ਭਾਵੇਂ ਹੋਵੇ,
ਕਿਸੇ ਧਰਮ ਦਾ,
ਪਰ ਮਰਦ ਤਾਂ,
ਆਖ਼ਿਰ ਮਰਦ ਹੀ ਹੁੰਦਾ।
ਉਹਦੇ ਸੀਨੇ ਵਿਚ,
ਔਰਤ ਦੇ ਲਈ,
ਕਦੇ ਭੀ ਕੋਈ,
ਦਰਦ ਨਹੀਂ ਹੁੰਦਾ।

9

ਜੋ ਚਿੱਤ ਆਇਆ,
ਕਿਹਾ ਮਰਦ ਨੇ,
ਉਹੋ ਇਹ ਕਹਿੰਦਾ ਨਾ ਸੰਗੇ।

'ਬਚ ਜਾਊਗੇ,
ਸੱਪ ਦੇ ਡੰਗੇ,
ਪਰ ਇਹਦਾ ਡੰਗਿਆ ਪਾਣੀ ਨਾ ਮੰਗੇ।'

ਜੰਮਕੇ ਇਹੋ,
ਦਰਦ ਦੀ ਕੁੱਖੋਂ,
ਸਾਰੀ ਉਮਰ ਹੈ ਦਰਦ ਹੰਢਾਉਂਦੀ।
ਕਦੇ ਕਿਸੇ ਨਾ,
ਨਚਾਏ ਖੁਸਰੇ,
ਜਿਸ ਭੀ ਵਿਹੜੇ,
ਪੈਰ ਇਹ ਪਾਉਂਦੀ।

ਔਰਤ,
ਜਿਸ ਘਰ ਵਿਚ ਹੈ ਜੰਮਦੀ,
ਪੈ ਜਾਂਦਾ ਉਸ ਘਰ ਵਿਚ ਰੋਣਾ।
ਕਿਥੋਂ ਆ ਗਈ,
ਇਹ ਕੁਲੱਛਣੀ,
ਦਾਜ ਪਊ ਇਸ ਲਈ ਕਮਾਉਣਾ।

ਝਿੜਕਾਂ ਮੇਹਣੇ,
ਸਹਿੰਦੀ ਸਹਿੰਦੀ,
ਇਹ ਕੱਟਦੀ ਬਚਪਨ,
ਡਰਦੀ ਡਰਦੀ।
ਡਰ ਵਿਚ ਜੰਮ ਤੇ,
ਡਰ ਵਿਚ ਪਲ ਕੇ,
ਡਰ ਵਿਚ ਪੈਰ ਜਵਾਨੀ ਧਰਦੀ।

ਕੌੜੀ ਵੇਲ ਦੇ ਵਾਂਗੂ ਵਧਦੀ,
ਨਜ਼ਰ ਨਾ ਇਹਨੂੰ ਲੱਗੇ ਜੱਗ ਦੀ।
ਸੁੱਕੀ ਰੋਟੀ ਭੀ,
ਮਰ ਜਾਣੀ ਨੂੰ,
ਦੁੱਧ ਘਿਉ ਦੇ ਵਾਂਗ ਹੈ ਲੱਗਦੀ।



10

ਕਰਦੀ ਕੰਮ,
ਇਹ ਵਾਂਗ ਗੋਲੀਆਂ,
ਪਰ ਘਰ ਵਿਚ ਇਹਨੂੰ,
ਕੋਈ ਹੱਕ ਨਹੀਂ ਹੈ।
ਜਾਇਦਾਦ ਹਮੇਸ਼ਾ,
ਹੁੰਦੀ ਪੁੱਤ ਦੀ,
ਇਸ ਵਿਚ ਕੋਈ ਸ਼ੱਕ ਨਹੀਂ ਹੈ।

ਬੁਲ੍ਹੀਆਂ ਤੇ ਜੇਕਰ,
ਆ ਜਾਵੇ ਹਾਸਾ,
"ਐਵੇਂ ਦੰਦ ਨਹੀਂ ਕੱਢੀਦੇ।"
ਨਿਗਾਹ ਚੁੱਕ,
ਜੇ ਤੱਕ ਲਵੇ ਕਿਸੇ ਨੂੰ,
"ਐਵੇਂ ਆਨੇ ਨਹੀਂ ਅੱਡੀਦੇ।"

'ਤੁਰੀ ਜਾਂਦੀ ਦੀ,
ਜੇ ਚੁੰਨੀ ਲਹਿ ਜਾਏ,
'ਸਿਰ ਨਹੀਂ ਕਰੀਦਾ ਨੰਗਾ।'
ਆਵਾਜ਼ ਜੇ,
ਉਹ ਕਿਸੇ ਨੂੰ,
ਮਾਰ ਲਏ ਉੱਚੀ,
'ਉੱਚੀ ਬੋਲਣਾ ਨਹੀਂ ਹੈ ਚੰਗਾ।'

ਕੰਮ ਔਰਤ ਦਾ,
ਚੁੱਲਾ ਚੌਂਕਾ,
ਕੰਮ ਔਰਤ ਦਾ,
ਲਿੱਪਣਾ ਪੋਚਣਾ।
ਕੰਮ ਔਰਤ ਦਾ,
ਹੁਕਮ ਪਤੀ ਦਾ ਮੰਨਣਾ,
ਕੰਮ ਔਰਤ ਦਾ ਨਹੀਂ ਸੋਚਣਾ।
ਕੰਮ ਔਰਤ ਦਾ,

ਬੁਣਨਾ ਤਣਨਾ,
ਕੰਮ ਔਰਤ ਦਾ ਚੱਕੀ ਪੀਹਣਾ ।
ਕੰਮ ਔਰਤ ਦਾ,
ਔਲਾਦ ਪਾਲਣਾ,
ਕੰਮ ਔਰਤ ਦਾ ਦੂਆ ਲਈ ਜੀਣਾ ।

ਜੇਕਰ ਬੱਚੀਏ,
ਸੌਖੀ ਰਹਿਣਾ,
ਧੌਣ ਰੱਖੀਂ ਤੂੰ,
ਸਦਾ ਕਰਕੇ ਨੀਵੀਂ ।
ਮਰਦ ਦੀ ਨਾ,
ਤੂੰ ਕਰੀਂ ਬਰਾਬਰੀ,
ਯਾਦ ਰੱਖ,
ਤੂੰ ਏਂ ਇਕ ਤੀਵੀਂ ।

11
ਇਸ ਮਾਹੌਲ ਵਿਚ,
ਇਹ ਕੱਟਦੀ,
ਜ਼ਿੰਦਗੀ ਦੀਆਂ ਕੁਛ ਘੜੀਆਂ ।
ਰਿਵਾਜ ਦਸਤੂਰ,
ਇਹਦੇ ਸਮਾਜ ਦੇ,
ਇਹਦੇ ਲਈ ਹਨ ਹੱਥ-ਕੜੀਆਂ ।

ਬਣਾਈਆਂ ਇਹਦੇ ਲਈ,
ਜੋ ਮਰਦ ਨੇ,
ਨਿਭਾਉਂਦੀ ਤੁਰ ਜਾਂਦੀ ਉਹ ਰਸਮਾਂ ।
ਆਪਣੀ ਮਰਜ਼ੀ ਨਾਲ,
ਜੋ ਉਸ ਨਹੀਂ ਖਾਧੀਆਂ,
ਪੂਰੀਆਂ ਕਰੀ ਜਾਂਦੀ ਉਹ ਕਸਮਾਂ ।

ਮਹਿਕ ਤੇ ਹੁਸਨ ਨਾ,
ਕਦੇ ਗੁੱਝੇ ਰਹਿੰਦੇ,



ਹਰ ਕੋਈ,
ਇਹ ਗੱਲ ਆਖੇ ।
ਕੈਦ ਹੋਈ,
ਇਹ ਮਹਿਲਾਂ ਅੰਦਰ,
ਪਰ ਚੋਰ ਹੁਸਨ ਦੇ,
ਇਹਦੇ ਰਾਖੇ ।

ਤਾੜ ਰੱਖੀ,
ਇਹ ਕਿਸੇ ਵਿਚ ਝੁੱਗੀ ਦੇ,
ਬੰਨ੍ਹੀ ਗਈ ਮਿਨਾਰਾਂ ਨਾਲ ।
ਮੁੱਲ ਪਿਆ,
ਇਹਦਾ ਪੰਡ ਪੱਠਿਆਂ ਦੀ,
ਕਦੇ ਤੋਲੀ ਗਈ ਦਿਨਾਰਾਂ ਨਾਲ ।

12
ਮਾਪਿਆਂ ਘਰ ਕੱਟ,
ਚਾਰ ਦਿਹਾੜੇ,
ਕਿਸੇ ਹੋਰ ਥਾਂ ਹੁੰਦਾ ਬਸੇਰਾ ।
ਉਥੇ ਭੀ,
ਇਹਦੀ ਔਕਾਤ ਨਾ ਕੋਈ,
ਜ਼ੋਰ ਭਾਵੇਂ ਇਹ ਲਾਏ ਬਥੇਰਾ ।
ਗਲ ਵਿਚ ਪਾਈ,
ਸੋਨੇ ਦੀ ਸੰਗਲੀ,
ਨੱਕ ਦੇ ਵਿੱਚ,
ਸੋਨੇ ਦੀ ਨੱਥ ਹੈ ।
ਪਰ ਸਦੀਆਂ ਤੋਂ,
ਉਹ ਰਹੀ ਹੈ,
ਸਦਾ ਹੀ,
ਮਰਦਾਂ ਦੇ ਹੱਥ ਹੈ ।

ਧੀ, ਮਾਂ, ਭੈਣ,
ਜਾਂ ਕਿਸੇ ਦੀ ਪਤਨੀ,

ਇਹਦੀ ਆਪਣੀ,
ਕੋਈ ਔਕਾਤ ਨਹੀਂ ਹੈ ।
ਲੋੜ ਪੈਣ ਤੇ,
ਹਰ ਕੋਈ ਚਾਹਵੇ,
ਪਿੱਛੋਂ ਪੁੱਛਦਾ,
ਕੋਈ ਬਾਤ ਨਹੀਂ ਹੈ ।
ਬਦਲ ਜਾਂਦਾ ਹੈ,
ਨਾਂ ਭੀ ਇਹਦਾ,
ਇਹਦੀ ਆਪਣੀ,
ਕੋਈ ਜਾਤ ਨਹੀਂ ਹੈ ।

ਮਰਦ ਜੰਮੇਂ,
ਜੋ ਇਹਦੀ ਕੁਖੋਂ,
ਤਾਹੀਉਂ ਸਹੁਰੀਂ ਹੁੰਦਾ ਮਾਣ ।
ਨਹੀਂ ਤਾਂ,
ਸੱਸ ਅਤੇ ਨਨਾਣਾਂ,
ਗਿਰਝਾਂ ਵਾਂਗੂ ਇਹਨੂੰ ਖਾਣ ।

ਬੰਦਾ,
ਖੁਦ ਵਿਆਹ ਨਵਾਂ ਕਰਾਉਂਦਾ,
ਜੇਕਰ ਇਹਦੇ ਨਾ ਹੋਵੇ ਬੱਚਾ ।
ਕਸੂਰ ਭਾਵੇਂ,
ਹੋਵੇ ਵਿਚ ਮਰਦ ਦੇ,
ਪਰ ਉਹ ਤਾਂ ਸੱਚੇ ਦਾ ਸੱਚਾ ।

ਮਰਦ ਗਰਭਵਤੀ,
ਜੇ ਇਹਨੂੰ ਕੋਈ ਕਰਦਾ,
ਕੋਈ ਮਰਦ ਉਲਟਾ ਧਮਕਾਵੇ ।
ਬੰਦੇ ਦਾ,
ਕਹਿੰਦੇ ਕੁਝ ਨਾ ਵਿਗੜੇ,
ਪਰ ਔਰਤ ਕੁਲਟਾ ਅਖਵਾਵੇ ।
ਧੱਕੇ ਮਾਰ,



ਘਰੋਂ ਕੱਢ ਦਿੰਦਾ,
ਇਹ ਨਹੀਂ ਹੁਣ ਰੱਖਣ ਦੇ ਯੋਗ ।
ਪਰ ਰਾਤ ਦੇ,
ਘੁਪ ਹਨੇਰੇ ਅੰਦਰ,
ਕਰਦੇ ਮਰਦ ਇਹਦੇ ਨਾਲ ਭੋਗ ।
ਭਾਂਤ ਭਾਂਤ ਦੇ,
ਮਰਦਾਂ ਕੋਲੋਂ,
ਜਦ ਲੱਗ ਜਾਂਦੇ ਮਾੜੇ ਰੋਗ ।
ਮਰ ਜਾਂਦੀ,
ਇਹ ਨਾਲ ਉਹਨਾਂ ਦੇ,
ਕਿਸੇ ਮਰਦ ਨਾ ਮਨਾਇਆ ਸੋਗ ।

ਪਾਣੀ ਮੰਗ,
ਜੇ ਪਤੀ ਸੌਂ ਗਿਆ,
ਸਿਰਹਾਣੇ ਪਾਣੀ ਲੈ,
ਇਹਨੂੰ ਖੜ੍ਹਨਾ ਪੈ ਗਿਆ ।
ਸੜਦੀ ਰਹੀ,
ਇਹ ਉਮਰ ਭਰ ਸਾਰੀ,
ਪਰ ਪਤੀ ਮਰਨ ਤੇ,
ਜਿਉਂਦੇ ਸੜਨਾ ਪੈ ਗਿਆ ।

ਮਾਂ ਬਣ ਕੇ,
ਇਹ ਆਪਣੇ ਬੱਚਿਆਂ ਤੇ,
ਸਭ ਕੁਛ ਨਿਛਾਵਰ ਕਰ ਜਾਂਦੀ ।
ਹੌਲੀ ਹੌਲੀ,
ਦਰਦ ਹੰਢਾਉਂਦੀ,
ਦਰਦ ਦੇ ਵਿਚ ਹੀ ਮਰ ਜਾਂਦੀ ।

ਕੋਈ ਫ਼ਰਕ ਨਹੀਂ,
ਪੈਂਦਾ ਮਰਦ ਨੂੰ,
ਜੇ ਔਰਤ ਖੜ੍ਹੀ ਬਜ਼ਾਰ ਵਿਚ ਰੋਵੇ
ਜਦ ਤੱਕ,

ਉਹੋ ਔਰਤ,
ਉਹਦੀ ਆਪਣੀ,
ਧੀ, ਭੈਣ ਜਾਂ ਮਾਂ ਨਾ ਹੋਵੇ ।

13

ਬੁੱਢੇ ਮਰਦ ਨਾਲ,
ਵਿਆਹ ਕਰਾਉਣ ਦੇ ਪਿੱਛੋਂ,
ਜਦ ਜਵਾਨੀ ਨੇ ਲਿਆ ਹਲੂਣਾ ।
ਆਪਣੇ ਹੁਸਨ ਦਾ,
ਤੀਰ ਚਲਾ ਕੇ,
ਜਦ ਕੀਤਾ ਕਿਸੇ ਹਾਣੀ ਤੇ ਟੂਣਾ ।
ਬਦਨਾਮ ਸਦਾ ਹੀ,
ਔਰਤ ਹੋਈ,
ਜਦ ਕਿਤੇ ਭੀ,
ਇਹ ਬਣੀ ਹੈ 'ਲੂਣਾ' ।

ਜਦ ਕਿਤੇ ਭੀ,
ਇਹ ਬਣ ਕੇ 'ਸੱਸੀ',
ਨਾਲ ਕਿਸਮਤ ਦੇ ਲੜੀ ਹੈ ।
ਮਰਦਾਂ ਅੱਗੇ,
ਇਹਦੀ ਵਾਹ ਨਾ ਚਲੀ,
ਇਹ ਵਿਚ ਥਲਾਂ ਦੇ ਸੜੀ ਹੈ ।

ਤੁਰੀ ਜਦੋਂ,
ਇਹ ਨਾਲ ਮਿਰਜ਼ੇ ਦੇ,
ਰਲ ਮਰਦਾਂ ਇਹਨੂੰ ਵੱਢਿਆ ਹੈ ।
ਬਣੀ ਜਦੋਂ ਭੀ,
ਅਨਾਰਕਲੀ ਇਹ,
ਅਕਬਰ ਨੇ ਰਾਜ 'ਚੋਂ ਕੱਢਿਆ ਹੈ ।
ਡੁੱਬ ਗਈ ਇਹ,
ਜਦੋਂ ਬਣੀ ਇਹ 'ਸੋਹਣੀ',
ਜਦੋਂ 'ਹੀਰ' ਬਣੀ,



ਇਹ ਰੋਈ ਹੈ ।
ਜਦ ਗੱਲ,
ਇਸਨੇ ਦਿਲ ਦੀ ਮੰਨੀ,
ਦੁਰਗਤ ਇਹਦੀ ਹੋਈ ਹੈ ।

14

ਇਸ ਔਰਤ ਨੂੰ,
ਖੜ੍ਹਾ ਹੈ ਕੀਤਾ,
ਨੰਗੀਆਂ ਕਰ ਕਤਾਰਾਂ ਵਿੱਚ ।
ਇਸ ਔਰਤ ਦੇ,
ਸੌਦੇ ਹੋਏ,
ਮਹਿਲਾਂ ਅਤੇ ਬਜ਼ਾਰਾਂ ਵਿੱਚ ।

ਔਰਤ ਨੂੰ,
ਕਹਿੰਦੇ ਮੱਤ ਨਹੀਂ ਕੋਈ,
ਮੱਤ ਇਹਦੀ ਹੈ ਗਿੱਚੀ ਪਿੱਛੇ ।
ਸਲਾਹ ਇਹਦੀ,
ਕਦੇ ਕਿਸੇ ਨਾ ਪੁੱਛੀ ।
ਗੁੱਤ ਨੂੰ ਫੜਕੇ ਖਿੱਚੀ ਪਿੱਛੇ ।

ਮਰਦ ਤੋਂ ਤੰਗ ਆ,
ਜਦ ਕੋਈ ਔਰਤ,
ਸਿਲਾ ਜ਼ਹਿਰ ਦੀ ਚੱਟਦੀ ਹੈ ।
ਉਹਦੇ ਮਰਨ ਦਾ,
ਫ਼ਿਕਰ ਨਾ ਕੋਈ,
ਪਰ ਇੱਜ਼ਤ ਮਰਦ ਦੀ ਘਟਦੀ ਹੈ ।

ਝਗੜਾ ਹੋਏ,
ਜੇ ਦੋ ਮਰਦਾਂ ਵਿੱਚ,
ਪੱਤ ਹਮੇਸ਼ਾ ਔਰਤ ਦੀ ਲੁੱਟਦੀ ।
ਮਰਦਾ ਜਦ ਭੀ,
ਮਰਦ ਹੈ ਕੋਈ,

ਨਾਲ ਉਹਦੇ ਕੋਈ ਔਰਤ ਟੁੱਟਦੀ ।

15

ਅਕਲਮੰਦ,
ਹੁੰਦਿਆਂ ਹੋਇਆਂ ਭੀ,
ਦੇਖੋ ਇਹਦੀ ਕੀ ਮਜਬੂਰੀ ।
ਕਦੇ ਪਿਉ ਅਤੇ ਕਦੇ ਭਰਾਵਾਂ,
ਤੇ ਕਦੇ ਪਤੀ ਤੋਂ,
ਲੈਣੀ ਪੈਂਦੀ ਇਹਨੂੰ ਮਨਜ਼ੂਰੀ ।

ਮਰਦਾਂ ਦੀ ਭਲਾ,
ਕੀ ਕਰੂ ਬਰਾਬਰੀ,
ਜਾਤ ਦੀ ਜਿਹੜੀ ਹੋਵੇ ਤੀਵੀਂ ।
ਕਦੇ ਭਰਾਵਾਂ,
ਤੇ ਕਦੇ ਪਤੀ ਨੇ,
ਜਤਾਇਆ ਇਹਨੂੰ ਤੂੰ ਏ ਨੀਵੀਂ ।

ਬੁੱਲਾਂ ਉੱਤੇ,
ਕੋਈ ਸ਼ਿਕਵਾ ਨਹੀਂ,
ਭਾਵੇਂ ਅੰਦਰੋਂ-ਅੰਦਰ ਸੜਦੀ ਰਹੀ ।
ਔਰਤ ਹਮੇਸ਼ਾ,
ਮਰਦ ਦੇ ਅਸੂਲਾਂ ਤੇ,
ਬੱਕਰੇ ਵਾਂਗ ਬਲੀ ਚੜ੍ਹਦੀ ਰਹੀ ।

ਦਿਲ ਵਿਚ ਇਹਦੇ,
ਕੀ ਗੁਜ਼ਰਦਾ,
ਦਿਲ ਆਪਣਾ,
ਕਦੇ ਖੋਲ੍ਹਿਆ ਨਹੀਂ ।
ਸਮੁੰਦਰਾਂ ਨਾਲੋਂ ਭੀ ਵੱਧ,
ਜਵਾਰ ਭਾਟੇ ਉੱਠਣ,
ਪਰ ਦਿਲ ਇਹਦਾ,
ਕਿਸੇ ਫੋਲਿਆ ਨਹੀਂ ।



ਸਹਿਣ ਸ਼ਕਤੀ,
ਇਹਦੀ ਵਾਂਗ ਧਰਤੀ ਦੇ,
ਇਹਦਾ ਵੱਡਾ ਸੀਨਾ ਹੈ ।
ਦੁਨੀਆਂ ਦੇ ਦੁੱਖ,
ਸਮੇਟ ਕੇ ਜੀਣਾ,
ਬੱਸ ਔਰਤ ਦਾ ਜੀਣਾ ਹੈ ।

ਵਲਵਲੇ ਉਠੇ,
ਜੋ ਕਿਤੇ ਦਿਲ ਵਿਚ ਇਹਦੇ,
ਬਹਿ ਉਠੇ ਬਣ ਅੱਖ ਦਾ ਪਾਣੀ ।
'ਇਹ ਔਰਤ ਦਾ',
ਹਥਿਆਰ ਪੁਰਾਣਾ,
ਆਖਣ ਲੱਗਾ ਇਹਦਾ ਹਾਣੀ ।

16

ਹਰ ਤਰ੍ਹਾਂ ਦੀ ਤੁਹਮਤ,
ਲੱਗੀ ਇਸ ਤੇ,
ਛੱਡੀ ਨਹੀਂ ਕੋਈ ਬਾਕੀ ਹੈ ।
ਜਿਸ ਔਰਤ ਦਾ,
ਦੁੱਧ ਚੁੰਘਿਆ ਮਰਦ ਨੇ,
ਇਹ ਔਰਤ ਹੀ ਬਣੀ ਸਾਕੀ ਹੈ ।

ਬਣੀ ਹੈ ਇਹ,
ਹਰ ਮਹਿਫਲ ਦੀ ਰੌਣਕ,
ਗਰਮ ਬਿਸਤਰ ਇਸ ਕੀਤਾ ਹੈ ।
ਕੀ ਹੈ,
ਇਹ ਉਹੋ ਹੀ ਔਰਤ,
ਜਿਹਨੂੰ ਲੋਕ ਕਹਿਣ,
'ਸਤੀ' 'ਸਵਿੱਤਰੀ' ਤੇ 'ਸੀਤਾ' ਹੈ ?

ਔਰਤ ਦੀ,
ਜਦ ਜੂਨ ਹੰਢਾ ਕੇ,

ਔਰਤ ਜੰਮਣੋਂ,
ਔਰਤ ਸੰਗਦੀ ।
ਕੁੜੀ ਨਾ,
ਮੈਨੂੰ ਦੇਈਂ ਰੱਬਾ,
ਹਰ ਗਰਭਵਤੀ ਹੈ,
ਸਦਾ ਇਹ ਮੰਗਦੀ ।

ਇਕ ਮੌਕਾ,
ਐਸਾ ਭੀ ਆਇਆ,
ਜਦ ਦਾਈ ਨੂੰ ਛੁੱਟੀ ਸੀ ।
ਇਸ ਦੁਨੀਆਂ ਵਿੱਚ,
ਸਾਹ ਲੈਣ ਤੋਂ ਪਹਿਲਾਂ,
ਔਰਤ ਦੀ ਸੰਘੀ ਘੁੱਟੀ ਸੀ ।

ਗਰਭਪਾਤ,
ਉਹ ਅੱਜ ਭੀ ਹੁੰਦੇ,
ਜਿਸ ਵਿਚ ਔਰਤ ਪਲਦੀ ਹੈ ।
ਫ਼ਰਕ ਐਨਾ ਬੱਸ,
ਇਹ ਸੌਖੀ ਮਰਦੀ,
ਪਹਿਲਾਂ ਨਾਲੋਂ ਜਲਦੀ ਹੈ ।

ਆਪਣਾ ਮਕਸਦ,
ਪੂਰਾ ਕਰਨ ਲਈ,
ਜੇਕਰ ਮਰਦਾਂ ਦੇ,
ਦਿਲ ਵਿਚ ਆਈ ।
ਲੈ ਕੇ ਅੱਜ,
ਵਿਗਿਆਨ ਦਾ ਸਹਾਰਾ,
ਅਣਜੰਮੀ ਔਰਤ,
ਉਸ ਮਾਂ ਬਣਾਈ ।

17

ਤੰਗ ਆ ਕੇ,
ਜਦ ਕਿਤੇ ਮਰਦਾਂ ਤੋਂ,
ਔਰਤ ਨੇ ਦਿਲ ਵਿਚ ਠਾਣੀ ਹੈ ।
ਬਣ ਬੈਠੀ,
ਇਹ ਆਗੂ ਫੌਜਾਂ ਦੀ,
ਜਾਂ ਮੁਲਕਾਂ ਦੀ ਰਾਣੀ ਹੈ ।

ਫੜ ਲਈ ਜਦ,
ਤਲਵਾਰ ਇਸ ਹੱਥੀਂ,
ਤੇ ਸ਼ਰਮ ਹਯਾ ਨੂੰ ਤਜਿਆ ।
ਬਣ ਗਈ,
ਇਹ 'ਝਾਂਸੀ ਦੀ ਰਾਣੀ',
ਜਾਂ 'ਸੁਲਤਾਨਾ ਰਜ਼ੀਆ' ।

18

ਕਦੇ ਇਹ,
'ਸਦਾ ਕੌਰ' ਬਣੀ ਹੈ,
ਕਦੇ ਜੰਮੀ ਇਹ ਬਣਕੇ 'ਭਾਗੋ' ।
ਮਰਦਾਂ ਨੂੰ,
ਲਲਕਾਰ ਹੈ ਪਾਈ,
ਸੁੱਤੇ ਹੋਇਆਂ ਨੂੰ,
ਕਿਹਾ ਹੈ ਜਾਗੋ ।

ਅੱਜ ਭਾਵੇਂ,
ਕਈ ਮੁਲਕਾਂ ਨੇ,
ਔਰਤਾਂ ਦੇ ਹੱਕਾਂ ਲਈ,
ਬਣਾਏ ਕਾਨੂੰਨ ਜ਼ਰੂਰ ਹੈ ।
ਪਰ ਮਰਦ,
ਹੱਕ ਉਹ ਦੇਣੋਂ ਡਰਦਾ,
ਆਪਣੀ ਆਦਤ ਤੋਂ ਮਜਬੂਰ ਹੈ ।

ਫ਼ਰਿਆਦ ਲੈ,
ਜਦ ਕੋਈ ਔਰਤ,

ਆਈ ਮਰਦਾਂ ਦੀ ਕਚਹਿਰੀ,
ਚਲੀ ਨਹੀਂ ਕੋਈ ਦਲੀਲ ।
ਕਸੂਰ ਭਾਵੇਂ,
ਨਿਰਾ ਮਰਦ ਦਾ ਹੋਵੇ,
ਔਰਤ ਹੋਈ ਹੈ ਸਦਾ ਜ਼ਲੀਲ ।

19

ਜਦ ਭੀ,
ਕਿਸੇ ਔਰਤ ਨੇ,
ਮਰਦਾਂ ਦੇ ਬਰਾਬਰ,
ਹੋਣ ਦਾ ਸੋਚਿਆ ਹੈ ।
ਰਲ ਮਰਦਾਂ ਨੇ,
ਸਦਾ ਉਹਨੂੰ,
ਇੱਲ ਦੇ ਵਾਂਗੂ ਬੋਚਿਆ ਹੈ ।
ਜਾਂ ਫੇਰ,
ਕਿਤੇ ਲੈ ਵਿੱਚ ਸਿਕੰਜੇ,
ਹੌਲੀ ਹੌਲੀ ਨੋਚਿਆ ਹੈ ।

ਔਰਤ ਦੀ,
ਨਿੱਕੀ ਜਿਹੀ ਗੱਲ,
ਬਣ ਜਾਂਦੀ ਗੁਨਾਹ,
ਪਰ ਮਰਦ ਦੀ ਭੁੱਲ,
ਕੋਈ ਭੁੱਲ ਨਹੀਂ ।
ਮਰਦਾਂ ਦਾ ਜਜ਼ਬਾ,
ਤਾਂ ਹੁੰਦਾ ਜਜ਼ਬਾ,
ਔਰਤ ਦੇ ਜਜ਼ਬੇ ਦਾ,
ਕੋਈ ਮੁੱਲ ਨਹੀਂ ।

20

ਪਤਾ ਨਹੀਂ,
ਮੈਂ ਕਿੱਥੋਂ ਸੁਣਿਆ,
ਕਿਸੇ ਸਿਆਣੇ,



ਇਕ ਗੱਲ ਕਹੀ ਹੈ ।
ਹਰ ਇਕ,
ਕਾਮਯਾਬ ਮਰਦ ਦੇ ਪਿੱਛੇ ।
ਹਮੇਸ਼ਾ ਕੋਈ ਔਰਤ ਰਹੀ ਹੈ ।

ਕਿੱਡਾ ਭਾਵੇਂ,
ਕੋਈ ਹੋਵੇ ਖੱਬੀਖ਼ਾਨ,
ਬਿਨਾਂ ਔਰਤ ਦੇ ਮਰਦ ਅਧੂਰਾ ।
ਇਹਦੇ ਸਾਥ,
ਬਿਨਾਂ ਨਾ ਹੁੰਦਾ,
ਇਸ ਜ਼ਿੰਦਗੀ ਦਾ ਸਫ਼ਰ ਹੈ ਪੂਰਾ ।

ਮਰਦ,
ਇਕ ਜਾਂ ਫੇਰ,
ਦੂਏ ਰੂਪ ਵਿੱਚ,
ਹਮੇਸ਼ਾ ਸਾਥ ਔਰਤ ਦਾ ਮੰਗਦਾ ਹੈ ।
'ਤੈਥੋਂ ਬਿਨਾਂ ਨਹੀਂ,
ਮੇਰਾ ਗੁਜ਼ਾਰਾ,'
ਇਹ ਗੱਲ ਕਹਿੰਦਾ ਸੰਗਦਾ ਹੈ ।

ਇਸੇ ਔਰਤ ਨਾਲ,
ਪਿਆਰ ਹੈ ਕਰਦਾ ।
ਇਸੇ ਔਰਤ ਨੂੰ,
ਮਰਦ ਹੈ ਵਰਦਾ ।

ਘੁੰਮ ਆਵੇ,
ਭਾਵੇਂ ਜੱਗ ਸਾਰਾ ।
ਔਰਤ ਬਾਝੋਂ,
ਨਹੀਂ ਗੁਜ਼ਾਰਾ ।

ਔਰਤ ਨਿਤ ਪਕਾਵੇ ਖਾਣੇ ।
ਔਰਤ ਨਾਲ ਹੀ ਸੇਜਾਂ ਮਾਣੇ ।

ਕੰਮ ਨਹੀਂ ਆਉਂਦੇ ਘੋੜੇ ਹਾਥੀ ।
ਔਰਤ ਹੈ ਜੀਵਨ ਦਾ ਸਾਥੀ ।

21
ਔਰਤ ਹਮੇਸ਼ਾ,
ਸਭ ਤੋਂ ਡਰਦੀ,
ਪਰ ਮਰਦ ਨੂੰ,
ਕੋਈ ਡਰ ਨਹੀਂ ਹੁੰਦਾ ।
ਔਰਤ ਕਹਿਣ,
ਘਰ ਦੀ ਲਕਸ਼ਮੀ,
ਔਰਤ ਬਿਨਾਂ ਘਰ,
ਘਰ ਨਹੀਂ ਹੁੰਦਾ ।

ਉਹੋ ਘਰ ਨਾ,
ਕਦੇ ਭੀ ਵਸਦੇ,
ਮਰਦ ਜਿਨ੍ਹਾਂ ਘਰਾਂ 'ਚ ਇਕੱਲੇ ।
ਘਰ ਗ੍ਰਹਿਸਤੀ ਦੀ,
ਇਹੋ ਗੱਡੀ ਤਾਂ,
ਔਰਤ ਮਰਦ ਦੇ ਆਸਰੇ ਚੱਲੇ ।
ਘਰ ਦੀ ਭਾਵੇਂ,
ਕਹਿਣ ਨੂੰ ਇਹ ਲੱਖਮੀ,
ਪਰ ਕੁਛ ਨਹੀਂ ਹੈ ਇਹਦੇ ਪੱਲੇ ।
ਔਰਤ ਸਦਾ,
ਸੰਭਾਲੇ ਘਰ ਨੂੰ,
ਜਦੋਂ ਕਦੇ ਨੀਂਹ ਇਹਦੀ ਹੱਲੇ ।
ਡਿੱਗਦੇ ਦਿੱਸਣ,
ਜੋ ਥੰਮ੍ਹ ਇਹਨੂੰ ਘਰਦੇ,
ਇਹ ਮੋਢਾ ਲਾਉਂਦੀ ਆਪਣਾ ਥੱਲੇ ।
ਇੱਜ਼ਤ ਘਰ ਦੀ,
ਕੱਜਣ ਦੇ ਲਈ,
ਲੱਖਾਂ ਇਹੋ ਤਸੀਹੇ ਝੱਲੇ ।
ਤਰੱਕੀ ਜਦੋਂ,
ਘਰ ਕੋਈ ਕਰਦਾ,
ਹੁੰਦੀ ਸਦਾ ਮਰਦਾਂ ਦੀ ਬੱਲੇ ।
ਪਰ,
ਟੁੱਟਦਾ ਜਦੋਂ ਭੀ,
ਘਰ ਹੈ ਕੋਈ,
ਲਾਸ਼ ਔਰਤ ਦੀ,
ਉਹਦੇ ਮਲਬੇ ਥੱਲੇ ।

22
ਔਰਤ ਸਰਾਪ ਨਹੀਂ,
ਇਹ ਤਾਂ ਵਰ ਹੈ ।
ਔਰਤ ਰੁਕਾਵਟ ਨਹੀਂ,
ਇਹ ਤਾਂ ਮੁਕਤੀ ਦਾ ਦਰ ਹੈ ।

ਔਰਤ ਮੌਤ ਨਹੀਂ,
ਇਹ ਜੀਵਨ ਦਿੰਦੀ ਹੈ ।
ਕਦੇ ਭਰਾਵਾਂ,
ਕਦੇ ਪਤੀ ਲਈ,
ਕਦੇ ਬੱਚਿਆਂ ਲਈ ਜੀਂਦੀ ਹੈ ।

ਔਰਤ ਦੇਵੀ,
ਔਰਤ ਇਮਾਨ ।
ਔਰਤ ਨਾਲ ਹੈ,
ਮਰਦ ਦੀ ਸ਼ਾਨ ।

ਮਰਦ ਜੰਮੇ ਕੇ,
ਔਰਤ ਦੀ ਕੁੱਖੋਂ,
ਭੁਲ ਜਾਂਦਾ,
ਇਹਦਾ ਕੀ ਨਾਂ ਹੈ ।
ਇਹ ਹੀ ਔਰਤ,
ਧੀ, ਭੈਣ ਹੈ ਬਣਦੀ,
ਇਹ ਹੀ ਔਰਤ,

ਬਣਦੀ ਮਾਂ ਹੈ ।
ਔਰਤ ਦੀ,
ਇਕ ਖ਼ਾਸ ਜਗਾ ਹੈ,
ਲੈ ਨਹੀਂ ਸਕਦਾ,
ਕੋਈ ਇਹਦੀ ਥਾਂ ਹੈ ।

ਐ ਮਰਦ,
ਤੂੰ ਮਰਦ ਬਣ,
ਤੇ ਔਰਤ ਨੂੰ ਪਛਾਣ ।
ਤੇਰੇ ਵਰਗਾ ਹੀ,
ਦਿਲ ਇਹਦੇ ਸੀਨੇ ਭੀ,
ਇਹ ਗੱਲ ਤੂੰ ਜਾਣ ।
ਖੰਭ ਨਾ ਤੂੰ,
ਨੋਚ ਇਸ ਦੇ,
ਜੇ ਇਹ ਮਾਰਨੀ ਚਾਹੇ ਉਡਾਣ ।

ਮੂੰਹ ਇਹਦੇ 'ਤੇ,
ਜੋ ਤੂੰ ਲਾਏ,
ਆਪਣੇ ਹੱਥੀਂ ਜਿੰਦਰੇ ਖੋਲ੍ਹ ।
ਦੁੱਖ ਦਰਦ,
ਕਰ ਇਸ ਦਾ ਸਾਂਝਾ,
ਦੁੱਖੜੇ ਇਸ ਨਾਲ ਦਿਲ ਦੇ ਫੋਲ ।
ਕਦੇ ਕਦਾਈਂ ਤਾਂ,
ਬਿਨਾਂ ਮਤਲਬ ਤੋਂ,
ਦੋ ਪਲ ਬਹਿ ਜਾ ਇਹਦੇ ਕੋਲ ।
ਜ਼ਹਿਰ ਅੱਗੇ ਹੀ,
ਹੈ ਇਥੇ ਬਥੇਰਾ,
ਐਵੇਂ ਹੋਰ ਜ਼ਹਿਰ ਨਾ ਘੋਲ ।

ਸਦੀਆਂ ਤੋਂ,
ਇਹ ਜਿਸ ਲਈ ਤਰਸੇ,
ਕਦੇ ਤਾਂ ਮਿੱਠੜੇ ਬੋਲ ਤੂੰ ਬੋਲ ।



ਹਰ ਇਕ ਇਹਦੀ,
ਗੱਲ ਨੂੰ ਸੁਣ ਕੇ,
ਦਿਲ ਆਪਣੇ ਦੀ,
ਤਕੜੀ ਤੋਲ ।
ਐਵੇਂ ਤੂੰ,
ਝੂਠਾ ਮਰਦਾਨਗੀ ਦਾ,
ਕੁੱਟੀ ਨਾ ਜਾ ਪੁਰਾਣਾ ਢੋਲ ।
ਸੋਚ ਸਮਝ ਕੇ,
ਹਰ ਮੁਸ਼ਕਿਲ ਦਾ,
ਪਿਆਰ ਨਾਲ ਹੱਲ ਤੂੰ ਟੋਲ ।
ਹੁਣ ਤਾਈਂ,
ਰਿਹਾ ਪਿਆ ਹੈ ਪਰਦਾ,
ਆਖ਼ਿਰ ਇਕ ਦਿਨ ਖੁੱਲ੍ਹਣੀ ਪੋਲ ।

23
ਭੂਚਾਲ ਆਏਗਾ,
ਉਸ ਦਿਨ ਸੱਜਣਾ,
ਜਿਸ ਦਿਨ ਆਪਣੀ,
ਚੁੱਪ ਇਸ ਤੋੜੀ ।
ਕਾਬੂ ਤੇਰੇ ਫਿਰ,
ਇਹ ਨਹੀਂ ਆਉਣੀ,
ਇਕ ਵਾਰ ਜੇ,
ਛੁੱਟ ਤੈਥੋਂ ਦੌੜੀ ।

ਰੱਖ ਤੂੰ ਇਹਨੂੰ,
ਨਾਲ ਜਿੰਦ ਜਾਨ ਦੇ,
ਤੇਰੇ ਸਰੀਰ ਦਾ,
ਅੰਗ ਹੈ ਇਹ ।
ਰੱਬ ਕੋਲੋਂ,
ਜੋ ਤੂੰ ਸੀ ਮੰਗੀ,
ਤੇਰੀ ਅਰਸ਼ੀ,
ਮੰਗ ਹੈ ਇਹ ।

ਬੰਨ੍ਹ ਨਾ ਇਹਨੂੰ,
ਨਾਲ ਜੰਜੀਰਾਂ,
ਬੰਨ੍ਹ ਇਹਨੂੰ ਧਾਗੇ,
ਪਿਆਰ ਦੇ ਨਾਲ।
ਜਿਸ ਦੀ,
ਇਹ ਹੱਕਦਾਰ ਹੈ ਸੱਜਣਾਂ,
ਰੱਖ ਤੂੰ ਇਹਨੂੰ,
ਸਤਿਕਾਰ ਦੇ ਨਾਲ।

ਮਿਲ ਜਾਏਗਾ,
ਤੈਨੂੰ ਸੁਰਗ ਧਰਤੀ ਤੇ,
ਜੋ ਰੱਬ ਨੇ ਸੀ,
ਤੈਥੋਂ ਖੋਹਿਆ।
'ਭੱਜੀ' ਜਿਸ ਦੇ ਬਦਲੇ,
ਹੁਣ ਤਾਈਂ ਤੈਂ,
ਸਦਾ ਹੈ ਔਰਤ,
ਜਾਤ ਨੂੰ ਕੋਹਿਆ।





## ਮਾਂ
(ਮੇਰੀ ਮਾਂ ਦੇ ਨਾਂ)

1
ਕਈ ਸਾਲ,
ਪਹਿਲਾਂ ਦੀ ਗੱਲ ਹੈ,
ਇਕ ਜੰਮ ਸਾਡੇ ਵਿਹੜੇ ਵੜਿਆ।
ਪੈਣ ਸਾਰ,
ਉਹਦਾ ਪਰਛਾਵਾਂ,
ਮਾਂ ਮੇਰੀ ਨੂੰ ਬੁਖ਼ਾਰ ਆ ਚੜ੍ਹਿਆ।
ਜਾਣ ਲੱਗਾ,
ਕੱਢ ਰੂਹ ਮਾਤਾ ਦੀ,
ਉਹ ਤਾਂ ਆਪਣੇ ਨਾਲ ਲੈ ਗਿਆ।
'ਸਾੜ ਦਿਉ,
ਇਹਦਾ ਪਿੰਜਰ ਲੋਕੋ',
ਜਾਣ ਲੱਗਾ,
ਉਹ ਸਭ ਨੂੰ ਕਹਿ ਗਿਆ।

ਉਸ ਦਿਨ ਤੋਂ ਲੈ,
ਅੱਜ ਤਾਈਂ ਮੈਂ,
ਉਹਦੇ ਸਿਵਿਆਂ ਦੀ,
ਅੱਗ ਦੇ ਅੰਦਰ,
ਖੁਦ ਨੂੰ ਪਿਆ ਜਾਲਾਂ।
ਯਾਦ ਉਹਦੀ ਦਾ,
ਬਿਨ-ਤੇਲ ਦਾ ਦੀਵਾ,
ਆਪਣੇ ਦਿਲ ਮੰਦਰ ਵਿਚ ਬਾਲਾਂ।
ਉਸ ਦੀਵੇ ਦੀ,

ਨਿੰਮੀ ਲੋਅ ਵਿੱਚ,
ਹਰ ਇਕ ਬੁੱਢੜੀ ਦੇ ਚਿਹਰੇ 'ਚ,
ਮੈਂ ਮਾਂ ਆਪਣੀ ਭਾਲਾਂ।
ਇਸੇ ਭਾਲ ਵਿੱਚ,
ਲੰਘ ਗਿਆ ਦੁਪਹਿਰਾ,
ਹੁਣ ਨੇੜੇ ਦਿਸਣ ਤਰਕਾਲਾਂ।
ਗ਼ਮ ਜੁਦਾਈ ਦਾ,
ਲੈ ਸੀਨੇ ਅੰਦਰ,
ਮੈਂ ਹੌਲੀ ਹੌਲੀ ਪਾਲਾਂ।
ਯਾਦ ਮੈਨੂੰ ਹੈ,
ਕਦੇ ਆਉਂਦੀਆਂ,
ਉਹਦੀਆਂ ਮਿੱਠੀਆਂ ਮਿੱਠੀਆਂ ਗਾਲਾਂ।

2

ਜੋ ਬੱਚੇ,
ਬਿਨ ਮਾਂ ਤੋਂ ਪਲਦੇ,
ਸਭ ਦੀ ਇਕੋ ਕਹਾਣੀ ਹੈ।
ਮੈਂ ਭੀ ਹਾਂ,
ਇਕ ਉਹ ਮੰਦਭਾਗਾ,
ਜਿਸ ਜਿੱਲਤ ਇਹੋ ਮਾਣੀ ਹੈ।

ਬਿਨ ਮਾਵਾਂ ਤੋਂ,
ਕੋਈ ਨਾ ਪੂੰਝੇ,
ਬੱਚਿਆਂ ਅੱਖੋਂ,
ਹੰਝੂ ਡੁੱਲ੍ਹਦੇ।
ਲਾਲਾਂ ਵਰਗੇ,
ਪੁੱਤ ਤੇ ਧੀਆਂ,
ਬਿਨਾਂ ਮਾਵਾਂ ਤੋਂ,
ਦੁਨੀਆਂ ਵਿਚ ਰੁਲਦੇ।
ਮਾਂ ਦੀ ਠੰਡੀ,
ਛਾਂ ਦੇ ਬਾਝੋਂ,
ਬੱਚੇ ਨਾ ਖਿਲਣ,



ਵਾਂਗ ਇਕ ਫੁੱਲ ਦੇ।
ਕਟੇ ਦਿਨ ਜਿਹਨਾਂ,
ਬਿਨ ਮਾਵਾਂ ਤੋਂ,
ਉਹ ਦਿਨ ਸਾਰੀ,
ਉਮਰ ਨਾ ਭੁਲਦੇ।
ਹੁਣ ਤਾਈਂ ਮੈਂ,
ਦੁਨੀਆਂ ਕੋਲੋਂ,
ਦਿਲ ਦਾ ਰਾਜ਼ ਲੁਕਾਇਆ।
'ਮੰਨ ਭਾਣਾ ਉਹਦਾ',
ਸਬਰ ਕੀਤਾ ਮੈਂ,
ਜਦ 'ਮਾਵਾਂ ਦਾ ਦਿਨ' ਆਇਆ।

ਅੱਜ ਫਿਰ,
ਮਾਵਾਂ ਦੇ ਦਿਨ ਤੇ,
ਯਾਦ ਇਕ ਮੈਨੂੰ ਆਈ ਹੈ।
ਧੁੰਦਲੀ ਜਿਹੀ,
ਜੋ ਤਸਵੀਰ ਸੀ ਮਾਂ ਦੀ,
ਉਹ ਲਫ਼ਜ਼ਾਂ ਨਾਲ ਮੈਂ ਵ੍ਹਾਈ ਹੈ।
ਇੰਜ ਲਗਦਾ,
ਅੱਜ ਲਿਖ ਕੇ ਚਿੱਠੀ,
ਮੈਂ ਮਾਂ ਆਪਣੀ ਨੂੰ ਪਾਈ ਹੈ।

3

'ਮਾਂ',
ਕਿੰਨਾ ਚੰਗਾ ਲਗਦਾ ਹੈ,
ਇਹ ਇਕ ਅੱਖਰ ਦਾ ਨਾਂ।
ਕਿੰਨੀ ਠੰਡੀ ਤੇ ਮਿੱਠੀ ਹੈ,
ਇਸ ਬੂਟੇ ਦੀ ਛਾਂ।
ਜੋ ਇਸ ਬੂਟੇ ਦੀ,
ਛਾਵੇਂ ਬਹਿੰਦਾ,
ਵਾਰ ਦੇਂਦੀ ਇਹ ਉਸ ਤੋਂ ਜਾਂ।

ਪਿਆਰ ਉਧਾਰਾ ਲੈ,
ਮਾਂ ਦੇ ਕੋਲੋਂ,
ਕਹਿੰਦੇ ਰੱਬ ਨੇ ਸਵਰਗ ਬਣਾਇਆ,
ਲਾਉਣ ਲੱਗਾ ਜਦ,
ਦੁਨੀਆਂ ਦੇ ਬੂਟੇ,
ਪਹਿਲਾਂ ਬੂਟਾ ਮਮਤਾ ਦਾ ਲਾਇਆ।

ਮਾਂ ਬਾਝੋਂ ਨਾ,
ਕੋਈ ਹੁੰਦਾ,
ਨਾ ਮਾਂ ਬਾਝੋਂ ਕਿਸੇ ਨੇ ਹੋਣਾ।
ਮਾਂ ਦੇ ਰਾਹੀਂ,
ਹਰ ਕੋਈ ਆਉਂਦਾ,
ਜਿਸ ਨੇ ਭੀ ਹੈ ਜੱਗ 'ਤੇ ਆਉਣਾ।

ਪੀਰ ਪੈਗ਼ੰਬਰ,
ਰਿਸ਼ੀ ਮੁਨੀ ਸਭ,
ਇਸ ਦੁਨੀਆਂ 'ਤੇ ਇੰਜ ਹੀ ਆਏ।
ਈਸਾ, ਨਾਨਕ,
ਰਾਮ, ਮੁਹੰਮਦ,
ਜਿਹਨਾਂ ਵੱਖੋ ਵੱਖਰੇ ਧਰਮ ਚਲਾਏ।

ਮਾਂ ਦੇ ਬਾਝੋਂ,
ਬੱਸ ਇਕ ਰੱਬ ਹੈ,
ਜਿਸਦੀ ਲੋਕੀਂ ਕਰਦੇ ਪੂਜਾ।
ਜੇ ਮੈਂ ਆਖਾਂ,
ਝੂਠ ਨਾ ਬੋਲਾਂ,
ਮਾਂ ਰੱਬ ਹੈ,
ਰੱਬ ਹੀ ਮਾਂ ਹੈ,
ਮਾਂ ਨਾਂ ਹੈ ਰੱਬ ਦਾ ਦੂਜਾ।

4

ਬਣਾਉਣ ਲੱਗਾ ਜਦ,



ਰੱਬ ਉਸ ਮਾਂ ਨੂੰ,
ਆਪਣੇ ਗੁਣ ਉਨ,
ਉਸ ਵਿਚ ਪਾਏ।
ਮਾਂ ਦੇ,
ਕੋਮਲ ਸੀਨੇ 'ਤੇ,
ਉਸ ਨੇ ਦੋ ਪਹਾੜ ਬਣਾਏ।
ਫੇਰ ਉਹਨਾਂ,
ਪਹਾੜਾਂ ਦੇ ਅੰਦਰ,
ਦੁੱਧ ਦੇ 'ਉਸ' ਦਰਿਆ ਵਗਾਏ।

ਮਾਂ ਭਾਵੇਂ ਹੋਵੇ,
ਕਿੰਨੀ ਦੁੱਖੀ।
ਮਾਂ ਭਾਵੇਂ ਹੋਵੇ,
ਢਿੱਡੋਂ ਭੁੱਖੀ।

ਪਰ ਜਦ ਭੀ,
ਬੱਚਾ ਭੁੱਖਾ ਰੋਂਦਾ ਹੈ।
ਮਾਂ ਦੇ ਸੀਨੇ 'ਤੇ,
ਬਿਜਲੀ ਪੈਂਦੀ,
'ਤੇ ਝੱਖੜ ਪਹਾੜੀਂ ਆਉਂਦਾ ਹੈ।
ਫੇਰ ਉਹਨਾਂ ਅੰਦਰ,
ਝਰਨੇ ਵਹਿ ਤੁਰਦੇ,
ਤੇ ਅੰਮ੍ਰਿਤ ਵਰਗਾ ਦੁੱਧ ਚੋਂਦਾ ਹੈ।
ਤੇ ਉਹ ਭੁੱਖਾ ਬੱਚਾ,
ਲੱਗ ਮਾਂ ਦੇ ਸੀਨੇ,
ਆਪਣੀ ਭੁੱਖ ਮਿਟਾਉਂਦਾ ਹੈ।
ਢਿੱਡ ਭਰ ਕੇ,
ਉਹ ਜਦ ਸੌਂ ਜਾਂਦਾ,
ਤਾਂ ਹੀ ਸਬਰ ਮਾਂ ਨੂੰ ਆਉਂਦਾ ਹੈ।

ਰਾਤਾਂ ਨੂੰ ਭੀ,
**ਜਾਗ ਜਾਗ ਕੇ,**

ਆਪਣੇ ਬੱਚਿਆਂ ਦੀ ਰਾਖੀ ਕਰਦੀ ।
ਹਰ ਪਲ ਉਹਨੂੰ,
ਫ਼ਿਕਰ ਹੈ ਰਹਿੰਦਾ,
ਲਗ ਨਾ ਜਾਏ ਗਰਮੀ ਸਰਦੀ ।

ਠੰਡੀਆਂ ਰਾਤਾਂ ਨੂੰ,
ਉਠ ਉਠ ਕੇ,
ਆਪਣੇ ਬੱਚਿਆਂ ਤੇ ਕੱਪੜੇ ਪਾਉਂਦੀ,
ਉਹ ਵਾਂਗ ਕੁੱਕੜੀ ਦੇ, ਆਪਣੇ ਬਚੇ
ਆਪਣੇ ਖੰਭਾਂ ਹੇਠ ਲੁਕਾਉਂਦੀ ।
ਬੱਚਾ ਜੇਕਰ,
ਹੋ ਜਾਏ ਗਿਲਾ,
ਚੁੱਕ ਉਹਨੂੰ ਸੁੱਕੇ ਥਾਂ ਪਾਉਂਦੀ ।
ਪਾਸਾ ਵੱਟ ਕੇ,
ਆਪ ਗਿਲੇ ਥਾਂ,
ਉਹੋ ਸਾਰੀ ਰਾਤ ਬਿਤਾਉਂਦੀ ।

ਸੱਟ ਵਜੇ,
ਜਦ ਕਿਸੇ ਬੱਚੇ ਨੂੰ,
ਮਾਂ ਦੇ ਸੀਨੇ ਸੱਟ ਹੈ ਵੱਜਦੀ ।
ਫੱਟੜ ਹੋਈ,
ਸ਼ੇਰਨੀ ਵਾਂਗੂੰ
ਅੱਗੇ ਆਕੇ ਉਹ ਹੈ ਗੱਜਦੀ ।

5

ਸੱਟ ਅਚਾਨਕ,
ਜਦ ਸਰੀਰ ਨੂੰ ਲੱਗੇ,
ਮਾਂ ਉਸ ਵੇਲੇ ਚੇਤੇ ਆਉਂਦੀ ।
'ਕੀੜੀ ਦਾ ਉਹ ਡੋਲ੍ਹ ਕੇ ਆਟਾ',
ਬੱਚੇ ਨੂੰ ਹੈ ਪੀੜ ਭੁਲਾਉਂਦੀ ।
ਧਿਆਨ ਹਟਾ ਕੇ,
ਸੱਟ ਦੇ ਵੱਲੋਂ,



ਧਿਆਨ ਉਹਦਾ ਦੂਏ ਪਾਸੇ ਲਾਉਂਦੀ ।

ਸੁੱਖ ਹਮੇਸ਼ਾ,
ਬੱਚਿਆਂ ਲਈ ਮੰਗਦੀ,
ਉਹ ਜਦ ਕਰਦੀ ਅਰਦਾਸ ।
'ਸਭ ਦੁੱਖ ਮੇਰੀ ਝੋਲੀ ਪਾ ਦੇਹ,
ਉਹ ਜਾਣ ਨਾਂ ਮੇਰੇ ਬੱਚਿਆਂ ਪਾਸ ।'

ਆਪਣੇ ਬੱਚਿਆਂ ਦੀਆਂ,
ਰਾਹਾਂ ਦੇ ਵਿਚੋਂ,
ਪਲਕਾਂ ਨਾਲ ਚੁਣ ਕੰਡੇ ਕੱਢਦੀ ।
ਛੱਡ ਜਾਣ,
ਭਾਵੇਂ ਬੱਚੇ ਮਾਂ ਨੂੰ,
ਪਰ ਮਾਂ ਕਦੇ ਨਾ ਬੱਚਿਆਂ ਨੂੰ ਛੱਡਦੀ ।

ਪੁੱਛ ਦੇਖੋ,
ਤੁਸੀਂ ਕਿਸੇ ਬੱਚੇ ਨੂੰ,
ਉਹਨੂੰ ਸਭ ਤੋਂ ਪਿਆਰੀ ਆਪਣੀ ਮਾਂ ।
ਗੋਰੀ ਜਾਂ ਕਾਲੀ ।
ਤਿੱਖੇ ਨੈਣਾਂ ਵਾਲੀ ।
ਅੰਨ੍ਹੀ ਟੀਰੀ ।
ਭਾਵੇਂ ਲੱਗੇ ਝੀਰੀ ।
ਪਤਲੀ ਮੋਟੀ ।
ਜਾਂ ਲੰਮੀ ਛੋਟੀ ।
ਇਸ ਵਿਚ ਨਹੀਂ,
ਕੋਈ ਇਹਨਾਂ ਦੀ ਥਾਂ ।

6

ਪਰ ਇਸ ਜ਼ਾਲਮ ਦੁਨੀਆਂ ਦੇ ਲੋਕਾਂ,
ਮਾਵਾਂ ਦੇ ਵੀ ਪਾਏ ਵੰਡੇ ।
ਸਲਾਹੁਣ ਉਹਨੂੰ,
ਜਿਹੜੀ ਪੁੱਤ ਜੰਮਦੀ,

ਧੀ ਜੰਮਦੀ ਨੂੰ ਹਰ ਕੋਈ ਭੰਡੇ ।

ਇਸ ਵਿੱਚ,
ਇਹਦਾ ਕਸੂਰ ਨਾ ਕੋਈ ।
ਮਾਂ ਤਾਂ ਸਿਰਫ਼ ਬੱਚਾ ਹੈ ਜੰਮਦੀ ।
ਜੰਮਣ ਤੋਂ ਲੈ ਕੇ,
ਆਖ਼ਰੀ ਦਮ ਤੱਕ,
ਉਹ ਬੱਚੇ ਦਾ ਹੱਥ ਹੈ ਥੰਮਦੀ ।
ਭਾਵੇਂ ਉਹ ਕੋਈ,
ਪਰੀ ਅਰਸ਼ਾਂ ਦੀ,
ਜਾਂ ਕਾਲਾਰਾਹੀ ਦੀ,
ਕੋਈ ਹਬਸ਼ਣ ਕਾਲੇ ਚੰਮ ਦੀ ।
ਤੱਕ ਕੇ ਹਾਲ ਇਹਨਾਂ,
ਮਾਵਾਂ ਦਾ ਮਾੜਾ,
ਬਾਬੇ ਨਾਨਕ ਕੀਤੀ ਗੱਲ ਕੰਮ ਦੀ ।
ਕਿਉਂ ਉਹਨੂੰ,
ਮੰਦਾ ਆਖੋ ਲੋਕੋ,
ਜਿਹੜੀ ਮਾਂ ਹੈ ਰਾਜੇ ਜੰਮ ਦੀ ।

7

ਧੰਨ ਮਾਵਾਂ ਉਹ,
ਜੋ ਸੂਰਮੇ ਜੰਮਣ,
ਜੋ ਕੰਮ ਦੇਸ਼ ਦੇ ਆਉਂਦੇ ।
ਧਰਤੀ ਮਾਂ ਦੀ,
ਰਾਖੀ ਕਰਦੇ,
ਉਹ ਜਾਨ ਦੀ ਬਾਜ਼ੀ ਲਾਉਂਦੇ ।
ਕਦੇ ਭਗਤ, ਊਧਮ, ਕਰਤਾਰ, ਸਰਾਭਾ,
ਕਦੇ ਸਤਵੰਤ, ਬੇਅੰਤ ਬਣ ਆਉਂਦੇ ।
ਦੁੱਧ ਪੀਤਾ,
ਜਿਹਨਾਂ ਸ਼ੇਰਨੀਆਂ ਦਾ,
ਉਹੀਓ ਮੁੱਲ ਨੇ ਦੁੱਧ ਦਾ ਪਾਉਂਦੇ ।



8

ਅੱਜ ਦੀਆਂ ਕੁੜੀਆਂ,
ਕੱਲ੍ਹ ਦੀਆਂ ਮਾਵਾਂ ।
ਪਤਾ ਨਹੀਂ,
ਜਾਣਾ ਕਿਹੜੀਆਂ ਥਾਵਾਂ ।

ਪਰ ਸਭ ਮਾਵਾਂ ਦੀਆਂ,
ਇਕੋ ਰਾਵ੍ਹਾਂ, ਇਕੋ ਚਾਹਵਾਂ ।
ਹਮੇਸ਼ਾ ਦੇਖਣ,
ਆਪਣੇ ਬੱਚਿਆਂ ਦੀਆਂ ਰਾਹਵਾਂ ।

ਉੱਚਾ ਰੁਤਬਾ,
ਜਾਂ ਜੇਬ 'ਚ ਪੈਸਾ,
ਪੈਦਾ ਕਰਨਗੇ,
ਮਤਲਬੀ ਰਿਸ਼ਤੇ, ਮਤਲਬੀ ਯਾਰ ।
ਪਰ ਇਸ ਦੁਨੀਆਂ ਦੀ,
ਸਾਰੀ ਦੌਲਤ,
ਨਾ ਦੇ ਸਕਦੀ ਮਾਂ ਦਾ ਪਿਆਰ ।

9

ਧੰਨ ਭਾਗ ਨੇ,
ਤੁਹਾਡੇ ਲੋਕੋ,
ਜੋ ਲੱਗ ਬੈਠੇ,
ਅੱਜ ਮਾਂ ਦੇ ਗੋਡੇ ।
ਕਿੰਨੀ ਕਦਰ ਹੈ,
ਤੁਹਾਨੂੰ ਮਾਂ ਦੀ,
ਰੱਬ ਜਾਣਦਾ,
ਕੀ ਦਿਲ ਵਿਚ ਥੋੜੇ ।

ਉਸ ਚੀਜ਼ ਦੀ,
ਕਦਰ ਨਾ ਕੋਈ,
ਮਿਲ ਜਾਂਦੀ ਜੋ ਭੰਗ ਦੇ ਭਾੜੇ ।

ਉਸ ਚੀਜ਼ ਦੀ,
ਕਦਰ ਹਰ ਕੋਈ ਕਰਦਾ,
ਜਿਸ ਲਈ ਕੱਢਣੇ ਪੈਂਦੇ ਹਾੜ੍ਹੇ ।
ਦੁਨੀਆਂ ਦੇ,
ਸਭ ਰਿਸ਼ਤਿਆਂ ਨਾਲੋਂ,
ਸਭ ਤੋਂ ਉੱਚਾ,
ਮਾਂ ਦਾ ਰਿਸ਼ਤਾ ।
ਇਹਦੇ ਗਿੱਟਿਆਂ ਨਾਲੋਂ ਨੀਵਾਂ,
ਸਭ ਤੋਂ ਵੱਡਾ,
ਸਵਰਗਾਂ ਦਾ ਫਰਿਸ਼ਤਾ ।

ਹਰ ਜੀਅ,
ਜੰਮਣ ਤੋਂ ਪਹਿਲਾਂ,
ਰਹਿੰਦਾ ਮਾਂ ਦੇ ਗਰਭ ਦੇ ਅੰਦਰ ।
ਜਦ ਕੋਈ ਇਸ ਦੀ,
ਬੋਲੀ ਲਾਵੇ,
ਇੰਜ ਲਗਦਾ ਹੈ,
ਕੋਈ ਵੇਚ ਰਿਹਾ ਹੈ,
ਮਨੁੱਖਤਾ ਦਾ ਮੰਦਰ ।

10

ਪਰ ਪੁੱਛ ਵੇਖੋ,
ਤੁਸੀਂ ਉਹਨਾਂ ਦੇ ਕੋਲੋਂ,
ਜਿਸ ਕਿਸੇ ਦੀ ਮਾਂ ਗੁਆਚੀ,
ਪਾਲਿਆ ਹੋਵੇ,
ਜਿਸ ਨੂੰ ਕਿਸੇ ਨੇ,
ਉਹਦੀ ਦਾਦੀ, ਤਾਈ ਜਾਂ ਚਾਚੀ ।

ਜਾਂ ਪੁੱਛ ਵੇਖੋ,
ਕਿਸੇ ਯਤੀਮ ਦੇ ਕੋਲੋਂ,
ਕੀ ਹੁੰਦੀ ਮਾਂ ਹੈ?
ਲੱਖ ਭਾਵੇਂ ਹੋਵਣ ਚੰਗੀਆਂ,



ਪਰ ਲੈ ਨਾ ਸਕਣ,
ਜੋ ਉਹਦੀ ਥਾਂ ਹੈ ।

ਮਾਂ ਦਾ ਨਾਂ ਹੈ,
ਸਭ ਤੋਂ ਮਿੱਠਾ,
ਕੀ ਹੁੰਦੀ ਹੈ ਮਿਸ਼ਰੀ ਕੂਜਾ ।
ਸਵਰਗ ਹੁੰਦਾ ਹੈ,
ਮਾਂ ਦੇ ਚਰਨਾਂ ਵਿਚ,
ਕਰਕੇ ਦੇਖ ਲਓ ਇਸ ਦੀ ਪੂਜਾ ।

ਮਾਵਾਂ ਵਾਲਿਓ,
ਮਾਵਾਂ ਦੇ ਦਿਨ 'ਤੇ,
ਹੋਵੇ ਤੁਹਾਨੂੰ ਲੱਖ ਵਧਾਈ ।
ਉਸ ਦਿਨ ਤੁਹਾਨੂੰ,
ਯਾਦ ਇਹ ਆਊ,
ਜਿਸ ਦਿਨ ਤੁਸੀਂ,
ਇਹ ਅਮੁੱਲੀ ਸ਼ੈਅ ਗੁਆਈ ।

'ਭੱਜੀ' ਮਾਂ ਤਾਂ ਮਾਂ ਹੈ ।
ਜੋ ਠੰਡੀ ਛਾਂ ਹੈ ।
ਜੋ ਵਾਰਦੀ ਜਾਂ ਹੈ ।
ਕਿੰਨਾ ਪਾਕ ਤੇ ਮਿੱਠਾ ਲਗਦਾ ।
ਇਹ ਇਕ ਅੱਖਰ ਦਾ ਨਾਂ ਹੈ।



## ਮਾਂ ਦੀ ਯਾਦ
(ਵਿਛੜੀ ਰੂਹ ਦੇ ਨਾਂ)

ਦੁਨੀਆਂ ਦੇ ਵਿੱਚ,
ਹਰ ਤਰ੍ਹਾਂ ਦੇ ਰਿਸ਼ਤੇ,
ਪਰ ਸਭ ਤੋਂ ਵੱਖਰੀ,
ਮਾਂ ਵੇ ਲੋਕੋ ।
ਲੱਖ ਤਰ੍ਹਾਂ ਦੇ,
ਸੰਘਣੇ ਬੂਟੇ,
ਇਹਦੀ ਸਭ ਤੋਂ ਵੱਖਰੀ,
ਛਾਂ ਵੇ ਲੋਕੋ ।
ਰੱਬ ਨੇ ਕਹਿੰਦੇ,
ਜਦ ਦੁਨੀਆਂ ਸਾਜੀ,
ਉਹ ਹੋ ਨਹੀਂ ਸੀ ਸਕਦਾ ਹਰ,
ਥਾਂ ਵੇ ਲੋਕੋ ।
ਹੋਵੇ ਮਹਿਸੂਸ ਨਾ,
ਉਹਦਾ ਘਾਟਾ,
ਉਸ ਹਰੇਕ ਨੂੰ ਦਿੱਤੀ,
ਮਾਂ ਵੇ ਲੋਕੋ ।
ਮਿਠਾਸ ਨਾਲ,
ਮੂੰਹ ਹੈ ਭਰ ਜਾਂਦਾ,
ਜਦ ਲਈਏ ਉਹਦਾ,
ਨਾਂ ਵੇ ਲੋਕੋ ।

ਮਾਂ ਦੇ ਹੋਣ,
ਭਾਵੇਂ ਕਿੰਨੇ ਬੱਚੇ,
ਸਭ 'ਚ ਹੁੰਦੀ ਉਹਦੀ,



ਜਾਂ ਵੇ ਲੋਕੋ ।
ਆਪ ਸੌਂ ਜਾਂਦੀ,
ਉਹ ਗਿਲੀ ਜਗਾ 'ਤੇ,
ਬੱਚਿਆਂ ਨੂੰ ਪਾਉਂਦੀ ਸੁੱਕੀ,
ਥਾਂ ਵੇ ਲੋਕੋ ।
ਤੁਸੀਂ ਭਾਵੇਂ ਕਹੋ,
ਪਸ਼ੂ ਉਹਨਾਂ ਨੂੰ,
ਪਰ ਵੱਛੇ ਨੂੰ ਪਿਆਰੀ,
ਗਾਂ ਵੇ ਲੋਕੋ ।
ਕਰ ਦੇਵੇ,
ਜੇ ਵੱਖੋ ਵੱਖਰੇ,
ਉਹ ਭੀ ਕਰਦੇ,
ਭਾਂ ਭਾਂ ਵੇ ਲੋਕੋ ।

ਬੱਚੇ ਉਹਦੇ ਸਦਾ,
ਰਹਿਣ ਹੱਸਦੇ ਵੱਸਦੇ,
ਇਸ ਗੱਲ ਦੀ ਕਰਦੀ,
ਉਹ ਆਸ ਵੇ ਲੋਕੋ ।
ਲਾ ਦੇਂਦੀ,
ਉਹ ਸਭ ਉਹਨਾਂ 'ਤੇ,
ਨਹੀਂ ਰੱਖਦੀ ਕੁੱਛ,
ਪਾਸ ਵੇ ਲੋਕੋ ।

ਜਿਸ ਘਰ ਵਿੱਚ,
ਕਹਿੰਦੇ ਮਾਂ ਨਾ ਹੋਵੇ,
ਪੈਰ ਉਥੇ ਨਾ,
ਕੋਈ ਪਾਂਦਾ ਵੇ ਲੋਕੋ ।
ਰੱਬ ਭੀ ਕਹਿੰਦੇ,
ਉਸ ਘਰ ਦੇ ਕੋਲੋਂ,
ਪਾਸਾ ਵੱਟ,
ਲੰਘ ਜਾਂਦਾ ਵੇ ਲੋਕੋ ।

ਮਾਂ ਦੀ ਗੋਦੀ,
ਬੱਚਿਆਂ ਦੇ ਲਈ,
ਹੁੰਦਾ ਸਵਰਗ ਦਾ,
ਝੂਟਾ ਵੇ ਲੋਕੋ ।
ਫੁੱਲ ਸੁੱਕਿਆਂ 'ਤੇ,
ਜੋ ਮੁਰਝਾਂਦਾ,
ਇਹ ਅਨੋਖਾ ਉਹ,
ਬੂਟਾ ਵੇ ਲੋਕੋ ।

ਮਾਂ ਮਰ ਜਾਵੇ,
ਜੇ ਕਿਸੇ ਪੰਛੀ ਦੀ,
ਮੈਂ ਕੁਰਲਾਂਦੇ ਤੱਕੇ,
ਕਾਂ ਵੇ ਲੋਕੋ ।
ਉੱਚੀ ਉੱਚੀ,
ਉਹ ਪਾਉਂਦੇ ਰੌਲਾ,
ਨਾ ਮਰੇ ਕਿਸੇ ਦੀ,
ਮਾਂ ਵੇ ਲੋਕੋ ।
ਜਾਨ ਜਦੋਂ ਭੀ,
ਮਾਂ ਦੀ ਨਿਕਲੇ,
ਨਿਕਲ ਜਾਂਦੀ ਹੈ,
ਜਾਂ ਵੇ ਲੋਕੋ ।
ਇਹ ਘਾਟਾ,
ਕਦੇ ਪੂਰਾ ਨਾ ਹੁੰਦਾ,
ਕੋਈ ਲੈ ਨਹੀਂ ਸਕਦਾ ਉਹਦੀ,
ਥਾਂ ਵੇ ਲੋਕੋ ।

ਇਹ ਮਾਵਾਂ ਦਾ ਦਿਨ,
ਤੁਹਾਨੂੰ ਮੁਬਾਰਕ,
ਜੁਗ ਜੁਗ ਜੀਣ,
ਤੁਹਾਡੀਆਂ ਮਾਵਾਂ ਵੇ ਲੋਕੋ ।
ਹੈ ਨਹੀਂ ਸੀ,
ਇਹ 'ਭੱਜੀ' ਦੇ ਕਰਮਾਂ ਵਿਚ,
ਤੁਸੀਂ ਜੁਗ ਜੁਗ ਮਾਣੋਂ,
ਇਹ ਠੰਡੀਆਂ ਛਾਵਾਂ ਵੇ ਲੋਕੋ ।



## ਮਾਂ ਦੀ ਬਰਸੀ

ਅੱਜ ਫੇਰ ਹੈ,
ਦਿਨ ਉਹ ਚੜ੍ਹਿਆ,
ਮਾਂ ਮੇਰੀ ਦੀ ਬਰਸੀ ਹੈ ।
ਦੇਖਣ ਲਈ,
ਜਿਹਦਾ ਸੁਹਣਾ ਮੁੱਖੜਾ,
ਰੂਹ ਮੇਰੀ ਸਦਾ ਤਰਸੀ ਹੈ ।
ਧੁੰਦਲੀ ਜਿਹੀ,
ਇਕ ਤਸਵੀਰ ਹੈ ਬਾਕੀ,
ਮੇਰੇ ਕੋਲ ਮੇਰੀ ਮਾਂ ਦੀ ਯਾਦ ।
ਤੂੰ ਹੀ ਦੱਸ ਖ਼ਾਂ,
ਮੈਨੂੰ ਅੰਮੀਏ,
ਕਿਸ ਕੋਲ ਜਾ ਕੇ ਕਰਾਂ ਫ਼ਰਿਆਦ?

ਔਖਾ ਵੇਲਾ,
ਜਦੋਂ ਹੈ ਆਉਂਦਾ,
ਛੱਡ ਜਾਂਦਾ ਸਾਥ ਪਰਛਾਵਾਂ ।
ਤੇਰੇ ਪਿੱਛੋਂ,
ਪਤਾ ਨਹੀਂ ਸੀ ਲੱਗਦਾ,
ਮੈਂ ਕਿਧਰ ਨੂੰ ਜਾਵਾਂ ।

ਤੇਰੇ ਬਾਝੋਂ,
ਘਰ ਹੁੰਦਿਆਂ ਭੀ,
ਅਸੀਂ ਥਾਂ ਥਾਂ ਖਾਧੇ ਧੱਕੇ ।
ਕਿਸੇ ਨੇ ਸਾਡੀ,
ਬਾਤ ਨਾ ਪੁੱਛੀ,

ਭਾਵੇਂ ਸੀ ਟੁੱਟੇ ਥੱਕੇ ।

ਸੁੱਕੀ ਰੋਟੀ,
ਮਿਲੀ ਖਾਣ ਨੂੰ,
ਨਾ ਕਿਸੇ ਨੇ ਕੀਤਾ ਪਿਆਰ ।
ਭਾਰ ਤੇਰਾ,
ਇਹ ਚੁੱਕਣ ਦੇ ਲਈ,
ਨਹੀਂ ਸੀ ਕੋਈ ਹੋਰ ਤਿਆਰ ।

ਮੱਦਦ ਕੀਤੀ,
ਸਾਡੀ ਇਕ ਮਾਸੀ,
ਜਿੰਨਾ ਭੀ,
ਉਹ ਕਰ ਸਕਦੀ ਸੀ ।
ਪਰ ਖ਼ਾਲੀ ਥਾਂ,
ਤੇਰੀ ਕੀਤੀ ਹੋਈ,
ਉਹ ਕਿਸ ਤਰ੍ਹਾਂ ਭਰ ਸਕਦੀ ਸੀ ।

ਤੂਫਾਨਾਂ ਵਿੱਚ,
ਘਿਰੀ ਬੇੜੀ ਵਾਂਗੂ,
ਅਸੀਂ ਖਾਂਦੇ ਰਹੇ ਡੱਕੇ ਡੋਲੇ ।
ਹੌਲੀ ਹੌਲੀ,
ਸਿਖ ਲਿਆ ਜੀਣਾ,
ਅਸੀਂ ਹੋ ਕੱਖਾਂ ਨਾਲੋਂ ਹੌਲੇ ।

ਸਭ ਨੂੰ ਪੈ ਗਈ,
ਹਫੜਾ ਦਫੜੀ,
ਖਿੰਡ ਗਿਆ ਅੰਮੀਏ ਤੇਰਾ ਖੇੜਾ ।
ਖਿੰਡ ਪੁੰਡ ਗਏ,
ਸਭ ਤੇਰੇ ਬੱਚੇ,
ਸੁੰਨਾ ਹੋ ਗਿਆ ਤੇਰਾ ਵੇਹੜਾ ।

ਤੇਰੀ ਥਾਂ 'ਤੇ,



ਤੇਰਾ ਸਾਥੀ,
ਲੈ ਆਇਆ 'ਨਵੀਂ ਮਾਂ' ।
ਬੜੀ ਬੇਦਰਦਣ,
ਔਰਤ ਸੀ ਉਹ,
ਅੰਮੀਏ ਤੇਰੇ ਵਰਗੀ ਨਾ ।

ਸਭ ਤੋਂ ਵੱਧ ਸੀ,
ਉਹਨੇ ਸਤਾਇਆ,
ਤੇਰੀ ਛੋਟੀ ਬੱਚੀ ਨੂੰ ।
ਵੱਸ ਚੱਲਦਾ,
ਜੇ ਉਹਦਾ ਅੰਮੀਏ,
ਉਹ ਖਾ ਜਾਂਦੀ ਕੱਚੀ ਨੂੰ ।

ਤੇਰੇ ਮਗਰੋਂ,
ਭੁੱਲ ਗਿਆ ਭਾਈਆ,
ਵਜਾਉਂਦਾ ਹੁੰਦਾ ਸੀ ਜੋ ਵਾਜਾ ।
ਉਸ ਔਰਤ ਕਰਕੇ,
ਪੜ੍ਹ ਨਾ ਸਕਿਆ,
ਅੰਮੀਏ, ਤੇਰਾ ਪੁੱਤ ਇਕ ਰਾਜਾ ।


ਦੁੱਧ ਚੁੰਘਦਾ,
ਜੋ ਤੂੰ ਛੱਡ ਗਈ ਸੀ,
ਉਹਨੂੰ ਪਾਲ ਲਿਆ ਦਾਦੀ ।
ਆਪਣੇ ਘਰ,
ਅੱਜ ਉਹ ਹੈ ਵੱਸਦਾ,
ਕਰਵਾ ਕੇ ਆਪਣੀ ਸ਼ਾਦੀ ।

ਹੌਲੀ ਹੌਲੀ,
ਸਭ ਤੇਰੇ ਬੱਚਿਆਂ ਦੇ,
ਆਪੇ ਲੱਗ ਗਏ ਪੈਰ ।
ਇੰਜ ਲਗਦਾ ਹੈ,
ਤੂੰ ਮਰ ਕੇ ਭੀ ਅੰਮੀਏ,

ਮੰਗਦੀ ਰਹੀ,
ਸਦਾ ਸਾਡੀ ਖੈਰ ।

ਅੱਜ ਜੇ,
ਕਿਤੇ ਆ ਕੇ ਤੂੰ ਦੇਖੇਂ,
ਤੇਰੇ ਪੁੱਤ ਧੀਆਂ ਦੇ ਠਾਠ ।
ਇਹ ਸਭ,
ਉਸਦਾ ਫਲ ਹੀ ਅੰਮੀਏ,
ਤੂੰ ਜੋ ਕੀਤਾ ਸੀ ਕਦੇ ਪਾਠ ।

ਪਹੁੰਚ ਗਈ,
ਇਕ ਧੀ ਤੇਰੇ ਕੋਲ,
ਪਤਾ ਨਹੀਂ,
ਅਸੀਂ ਕਦ ਹੈ ਮਿਲਣਾ ।
ਇੰਜ ਲਗਦਾ ਹੈ,
ਮੈਨੂੰ ਅੰਮੀਏ,
ਦਿਲ 'ਭੱਜੀ' ਤੇਰੇ ਦਾ,
ਕਦੇ ਨਹੀਂ ਖਿਲਣਾ ।





## ਬਚਪਨ
(ਸੰਨੀ ਦੇ ਨਾਂ)

ਕੋਈ ਬਚਪਨ ਆਪਣੇ ਦੀ,
ਗੱਲ ਸੁਣਾਓ,
ਆਖ ਰਹੀ ਮੇਰੀ ਬੱਚੀ ਸੀ ।
ਦੱਬੀ ਪਈ,
ਜੋ ਦਿਲ ਦੀਆਂ ਤੈਹਾਂ 'ਚ,
ਮੂੰਹ 'ਤੇ ਆ ਗਈ,
ਗੱਲ ਉਹ ਸੱਚੀ ਸੀ ।

ਪਾਪਾ ਜੀ,
ਤੁਸੀਂ ਮੈਨੂੰ ਦੱਸੋ,
ਕਿਹੋ ਜਿਹੀ ਹੁੰਦੀ,
ਦਾਦੀ ਮਾਂ ਸੀ ।
ਕਿਸ ਦੇ ਵਰਗੀ,
ਉਹ ਸੀ ਲੱਗਦੀ,
ਕੀ ਉਹਦਾ ਹੁੰਦਾ ਨਾਂ ਸੀ ।

ਹਾਂ ਬੱਚੀਏ,
ਪਲਿਆ ਹਾਂ,
ਭਾਵੇਂ ਬਿਨ ਮਾਂ ਤੋਂ,
ਮੇਰੀ ਭੀ ਇਕ,
ਮਾਂ ਹੁੰਦੀ ਸੀ ।
ਜੰਮਿਆ ਸੀ,
ਭਾਵੇਂ ਮਾਰੂਥਲ ਵਿੱਚ,
ਮੇਰੇ ਸਿਰ 'ਤੇ ਭੀ ਠੰਡੀ,

ਛਾਂ ਹੁੰਦੀ ਸੀ।
ਹੋਇਆ ਸਾਂ,
ਤਿੰਨ ਭੈਣਾਂ ਪਿੱਛੋਂ,
ਮੇਰੇ 'ਤੇ ਦਿੰਦੀ,
ਜਾਂ ਹੁੰਦੀ ਸੀ।
ਮੇਰੀ ਹਰ ਜ਼ਿੱਦ,
ਉਹ ਪੂਰੀ ਕਰਦੀ,
ਮੈਨੂੰ ਕਿਸੇ ਭੀ ਗੱਲੋਂ ਨਹੀਂ,
ਨਾਂਹ ਹੁੰਦੀ ਸੀ।

ਖੇਲਿਆ ਸਾਂ,
ਮਾਂ ਦੀ ਗੋਦੀ,
ਮੇਰੇ ਲੱਖਾਂ ਚਾਅ ਉਸ ਕੀਤੇ ਸਨ।
ਜ਼ਿੰਦਗੀ ਦੇ,
ਪਹਿਲੇ ਕੁਛ ਸਾਲ,
ਉਹਦੀ ਗੋਦ 'ਚ ਬੀਤੇ ਸਨ।

ਉਹਦੀ ਉਂਗਲ ਨੂੰ,
ਨਿੱਕੇ ਹੱਥ ਨਾਲ ਫੜ ਕੇ ਤੁਰਨਾ,
ਮੈਂ ਸਿੱਖਿਆ ਸੀ।
ਫੜਿਆ ਸੀ,
ਮੇਰਾ ਹੱਥ ਉਸਨੇ,
ਜਦ ਪਹਿਲਾ ਅੱਖਰ,
ਮੈਂ ਲਿਖਿਆ ਸੀ।

ਨੀਂਦ ਜਦੋਂ ਕਿਤੇ,
ਨਹੀਂ ਸੀ ਆਉਂਦੀ,
ਉਹ ਪਾਉਂਦੀ ਹੁੰਦੀ ਬਾਤਾਂ ਸੀ।
ਫੜ ਕੇ ਉਹਦੀ,
ਚੁੰਨੀ ਦਾ ਪੱਲਾ,
ਗੁਜ਼ਾਰੀਆਂ ਇੰਜ ਕਈ ਰਾਤਾਂ ਸੀ।



ਪੜ੍ਹਨ ਜਦੋਂ,
ਮੈਨੂੰ ਸਕੂਲੇ ਪਾਇਆ,
ਚਿੱਤ ਪੜ੍ਹਨ ਨੂੰ ਨਹੀਂ,
ਮੇਰਾ ਕਰਦਾ ਸੀ।
ਦੂਰ ਕਿਤੇ ਨਾ,
ਹੋ ਜਾਵਾਂ ਮਾਂ ਤੋਂ,
ਇਸ ਗੱਲੋਂ ਦਿਲ,
ਮੇਰਾ ਡਰਦਾ ਸੀ।

ਦੁਪਹਿਰੇ ਜਦੋਂ,
ਖਾਣੇ ਲਈ ਆਉਂਦਾ,
ਮੈਂ ਬਹਾਨਾ ਕੋਈ ਘੜਦਾ ਸੀ।
ਦੁੱਖਦਾ ਸੀ,
ਕਦੇ ਢਿੱਡ ਮੇਰਾ,
ਜਾਂ ਐਮੀ-ਮੁੱਚੀ ਦਾ,
ਬੁਖਾਰ ਆ ਮੈਨੂੰ ਚੜ੍ਹਦਾ ਸੀ।
ਜਦ ਮਾਂ ਨੇ ਕਹਿਣਾ,
"ਚੰਗਾ, ਨਾ ਜਾਹ ਪੁੱਤਰ,"
ਭਾਈਆ ਉਸ ਨਾਲ ਲੜਦਾ ਸੀ।

ਇਕ ਦਿਨ,
ਕੀ ਦਿਲ ਉਹਦੇ ਆਇਆ,
ਮੇਰੇ ਮੁਹਰਿਉਂ ਚੁੱਕ ਲਈ,
ਉਸ ਰੋਟੀ ਸੀ।
ਨਿੱਕੀ ਜਿਹੀ,
ਇਕ ਛਿਟੀ ਕਪਾਹ ਦੀ,
ਹੱਥ ਫੜ ਲਈ,
ਉਸ ਸੋਟੀ ਸੀ।
ਇੰਜ ਲੱਗਾ,
ਮੈਨੂੰ ਮੇਰੀ ਮਾਂ ਦੀ,
ਨੀਤ ਕੁਛ ਲਗਦੀ ਖੋਟੀ ਸੀ।

ਜਦ ਸ਼ੀਹਣੀ ਵਾਂਗ,
ਪਈ ਉਹ ਮੈਨੂੰ,
ਮੈਂ ਉਠ ਕੇ ਭੱਜ ਖਲੋਇਆ ਸੀ।
ਹਾਲੇ ਤੱਕ,
ਉਹ ਯਾਦ ਹੈ ਮੈਨੂੰ,
ਜੋ ਹਾਲ ਉਦੋਂ,
ਮੇਰਾ ਹੋਇਆ ਸੀ।
ਸੀਨੇ 'ਤੇ,
ਉਸ ਧਰ ਲਿਆ ਪੱਥਰ,
ਮੈਂ ਡਾਢਾ,
ਉਸ ਦਿਨ ਰੋਇਆ ਸੀ।

ਮਾਰ ਕੇ,
ਪੋਲੀਆਂ ਪੋਲੀਆਂ ਛਮਕਾਂ,
ਮੈਨੂੰ ਸਕੂਲ ਛੱਡ ਆਈ ਸੀ।
ਜੋ ਡਰ ਸੀ,
ਸਕੂਲ ਦਾ ਮੇਰੇ ਦਿਲ ਵਿੱਚ,
ਉਸ ਡਰ ਨੂੰ ਕੱਢ ਆਈ ਸੀ।

ਨਿੱਕੇ, ਹੁੰਦੇ ਦੀ,
ਪਿੱਠ 'ਤੇ ਪਈਆਂ,
ਜੋ ਮਾਂ ਮੇਰੀ ਦੀਆਂ ਛਮਕਾਂ ਸਨ।
ਅੱਜ ਜੋ, ਇੱਥੇ,
ਨਜ਼ਰੀਂ ਆਵਣ,
ਸਭ ਉਸ ਬਿਜਲੀ ਦੀਆਂ ਚਮਕਾਂ ਸਨ।

ਚੁੱਕ ਲਈ ਕਿਤਾਬ,
ਜਦੋਂ ਇਕ ਵਾਰ ਮੈਂ,
ਫੇਰ ਪਿੱਛੇ ਮੁੜ ਕੇ ਤਕਿਆ ਨਹੀਂ।
ਪੜ੍ਹ ਰਿਹਾ ਹਾਂ,
ਹਾਲੇ ਅੱਜ ਭੀ,
ਮੈਂ ਪੜ੍ਹਦਾ ਪੜ੍ਹਦਾ ਅੱਕਿਆ ਨਹੀਂ।



ਪੈਰਾਂ ਦੇ ਉੱਤੇ,
ਥੱਪ ਕੇ ਮਿੱਟੀ,
ਬਣਾਉਂਦੇ ਹੁੰਦੇ ਘਰ ਸੀ।
ਮਿੱਟੀ ਦੇ ਨਾਲ, ਹੋ ਜਾਂਦੇ ਮਿੱਟੀ,
ਨਹੀਂ ਲਿਬੜਨ ਦਾ ਹੁੰਦਾ ਡਰ ਸੀ।
ਘਰ ਆ ਕੇ,
ਮਾਂ ਦੀਆਂ ਝਿੜਕਾਂ,
ਚੁੱਪ-ਚਾਪ ਜਾਂਦੇ ਜਰ ਸੀ।

ਖੁੱਦੋ-ਖੂੰਡੀ,
ਜਾਂ ਗੁੱਲੀ ਡੰਡਾ,
ਖੇਲ੍ਹ ਕੇ ਬੂਚੀਆਂ ਪਾਉਂਦੇ ਸੀ।
ਕਈ ਵਾਰ,
ਜਦ ਲੜਦੀ ਸੀ ਬੇਬੇ,
ਖੇਲ੍ਹ ਨੂੰ ਛੱਡ ਕੇ ਆਉਂਦੇ ਸੀ।
ਪਾਣੀ ਪਿਲਾਉਣ ਗਏ,
ਜਦ ਮੱਝਾਂ ਨੂੰ,
ਵੜ ਜਾਂਦੇ ਵਿੱਚ ਛੱਪੜ ਸੀ।
ਇਸ ਦੇ ਬਦਲੇ,
ਪੈਂਦੀਆਂ ਝਿੜਕਾਂ,
ਜਾਂ ਪੈਂਦੇ ਹੁੰਦੇ ਥੱਪੜ ਸੀ।

ਨਾਂ ਉਹਦਾ,
'ਕਰਤਾਰ' ਸੀ ਬੱਚੀਏ,
ਕਰਤਾਰ ਦਾ ਹੀ,
ਬੱਸ ਰੂਪ ਸੀ ਉਹ।
ਲਗਦੀ ਸੀ,
ਉਹ ਪਿਆਰ ਦੀ ਦੇਵੀ,
ਪਿਆਰ ਦਾ ਹੀ,
ਬੱਸ ਸਰੂਪ ਸੀ ਉਹ।

ਸਦਾ ਚੁੱਲਾ,
ਰਹਿੰਦਾ ਸੀ ਭਖਦਾ,
ਨਹੀਂ ਬੂਹੇ ਹੁੰਦੇ ਬੰਦ ਸੀ ਬੱਚੀਏ ।
ਲੱਗਦੀ ਸੀ,
ਮੇਰੇ ਦਿਲ ਨੂੰ ਸੁਹਣੀ,
ਭਾਵੇਂ ਉਹਦੇ ਉੱਚੇ ਦੰਦ ਸੀ ਬੱਚੀਏ ।

ਯਾਦ ਜਦੋਂ,
ਬਚਪਨ ਦੀ ਆਈ,
ਯਾਦ ਆਈ ਹੋਰ,
ਗੱਲਾਂ ਬਥੇਰੀਆਂ ਦੀ ।
ਢੱਕ ਲੈਂਦੀਆਂ ਸੀ,
ਜੋ ਸਾਡੇ ਪਿੰਡ ਨੂੰ,
ਯਾਦ ਆਈ,
ਮੈਨੂੰ ਹਨੇਰੀਆਂ ਦੀ ।
ਬਣਾ ਬਣਾ ਕੇ,
ਜੋ ਕਈ ਵਾਰ ਢਾਈਆਂ,
ਯਾਦ ਆਈ,
ਮੈਨੂੰ ਉਹਨਾਂ ਢੇਰੀਆਂ ਦੀ ।
ਖਾਧੇ ਸਨ,
ਚੋਰੀ ਬੇਰ ਜਿਨ੍ਹਾਂ ਦੇ,
ਯਾਦ ਆਈ,
ਮੈਨੂੰ ਉਹਨਾਂ ਬੇਰੀਆਂ ਦੀ ।

ਸਮੇਂ ਦੇ ਮੂੰਹ ਤੋਂ,
ਜਦੋਂ ਲਾਹਿਆ ਪਰਦਾ,
ਯਾਦ ਆਈ,
ਮੈਨੂੰ ਸਾਥੀ ਬਥੇਰਿਆਂ ਦੀ ।
ਜਿਥੋਂ ਅੱਜ,
ਕੋਈ ਕਾਂ ਨਾ ਉੱਡਦਾ,
ਯਾਦ ਆਈ ਮੈਨੂੰ,
ਸਾਡੇ ਘਰ ਦੇ ਸੁੰਨੇ ਬਨੇਰਿਆਂ ਦੀ ।



ਪਤਾ ਨਹੀਂ,
ਕਦੋਂ ਕਿਸ ਵੇਲੇ,
ਉਸ ਪੰਜ ਪੌੜੀਆਂ,
ਯਾਦ ਕਰਾਈਆਂ ਸਨ ।
ਉਸਦੇ ਮਗਰੋਂ,
ਮੈਂ ਉਹਦੀ ਯਾਦ 'ਚ,
ਉਹ ਕਈ ਵਾਰ,
ਦੁਹਰਾਈਆਂ ਸਨ ।


ਅੱਜ ਭੀ ਜਦੋਂ,
ਸਵੇਰੇ ਉਠਕੇ,
ਗੁਟਕਾ ਸਾਹਿਬ,
ਮੈਂ ਫੜਦਾ ਹਾਂ ।
ਆ ਜਾਂਦੀ ਹੈ,
ਯਾਦ ਕਈ ਵਾਰ ਉਹਦੀ,
ਜਦ ਜਪੁਜੀ ਸਾਹਿਬ,
ਮੈਂ ਪੜ੍ਹਦਾ ਹਾਂ ।

ਇੰਜ ਲਗਦਾ,
ਪਿਛਲੇ ਜਨਮ ਵਿੱਚ,
ਹੋ ਗਿਆ ਹੋਣਾ ਮੈਥੋਂ ਕੋਈ ਕਸੂਰ
ਇਕ ਦਿਨ,
ਮਾਂ ਸਾਡੀ ਛੁਡਾ ਕੇ ਪੱਲਾ,
ਹੋ ਗਈ ਸਾਥੋਂ,
ਸਦਾ ਲਈ ਦੂਰ ।

ਝੱਟ ਪੱਟ,
ਬੱਸ ਨਾਲ ਹੀ ਉਹਦੇ,
ਉੱਡ ਗਿਆ ਬਚਪਨ ਦਾ ਸਰੂਰ ।
ਜਿਉਣ ਦਾ ਤਾਂ,
ਹੱਜ ਨਹੀਂ ਸੀ ਕੋਈ,
ਮਗਰ ਜ਼ਿੰਦਾ,

ਮੈਂ ਰਿਹਾ ਜ਼ਰੂਰ।

ਲੁਕਣਮੀਚੀ,
ਖੇਡਣ ਗਿਆ,
ਇਕ ਦਿਨ ਨਾਲ ਬਚਪਨ ਦੇ,
ਉਹ ਦੇ ਕੇ ਘਚਾਨੀ ਵਿਹਲੇ ਹੋ ਗਿਆ।
'ਭੱਜੀ' ਲੱਭ ਰਿਹਾ ਹੈ,
ਉਹਨੂੰ ਅੱਜ ਤਾਈਂ,
ਜੋ ਉਸ ਵੇਲੇ ਸੀ ਮੈਥੋਂ ਖੋਹ ਗਿਆ।





## ਮਤ੍ਰੇਈ

1
ਮਤ੍ਰੇਈ ਤਾਂ ਕਦੇ,
ਮਾਂ ਨਾ ਬਣਦੀ,
ਭਾਵੇਂ ਇਹਨੂੰ ਕਹਿੰਦੇ ਮਾਂ ਜੇਹੀ।
ਜਿਸ ਮਤੇਰ ਤੇ ਵੀ,
ਝਾਤੀ ਮਾਰੀ ਮੈਂ,
ਉਸ ਵਿਚੋਂ ਮੈਨੂੰ ਦਿਸਿਆ ਏਹੀ।

ਲੱਖਾਂ 'ਚੋਂ,
ਕੋਈ ਇਕ ਹੋਵੇਗਾ,
ਮਤ੍ਰੇਈ ਤੋਂ ਜਿਸ ਨੂੰ ਮਿਲਿਆ ਪਿਆਰ।
ਹੋਵੇਗੀ ਉਹ,
ਬਿਨ ਬੱਚੇ ਤੋਂ,
ਜਾਂ ਦੁਨੀਆਂ ਨਾਲੋਂ ਵੱਖਰੀ ਨਾਰ।

2
ਮਤ੍ਰੇਈ ਤਾਂ ਰਹਿੰਦੀ ਮਤ੍ਰੇਈ,
ਮਾਂ ਕਹਿਣਾ ਤਾਂ,
ਇਹਨੂੰ ਪਾਪ ਹੈ।
ਜੋ ਕਿਸੇ,
ਸ਼ੈਤਾਨ ਨੇ ਦਿੱਤਾ,
ਮਾਂ ਦੇ ਨਾਂ ਨੂੰ ਇਹ ਸਰਾਪ ਹੈ।

ਮਾਂ ਦਾ ਨਾਂ ਜੇ ਛਾਂ ਹੈ ਲੋਕੋ,
ਤੇ ਮਤ੍ਰੇਈ ਹਾੜ ਦੀ ਧੁੱਪ।

ਸਾਰਾ ਦਿਨ ਇਹ ਵੇਂਹਦੀ ਸੜਦੇ,
ਫੇਰ ਵੀ ਬੈਠੀ ਰਹਿੰਦੀ ਚੁੱਪ ।
ਮਾਂ ਦਾ ਨਾਂ ਜੇ ਵਰ ਹੈ ਲੋਕੋ,
ਤਾਂ ਮਤ੍ਰੇਈ ਹੈ ਇਕ ਸਰਾਪ ।
ਮਾਂ ਦਾ ਨਾਮ ਜੇ ਪੁੰਨ ਹੈ ਲੋਕੋ,
ਤਾਂ ਮਤ੍ਰੇਈ ਹੈ ਇਕ ਪਾਪ ।

ਮਾਂ ਦਾ ਨਾਂ ਜੇ ਇਕ ਫੁੱਲ ਹੈ ਲੋਕੋ,
ਤਾਂ ਮਤ੍ਰੇਈ ਬੱਸ ਹੈ ਕੰਡੇ ।
ਮਾਂ ਦਾ ਕੰਮ ਜੇ ਹੈ ਸੁਲੋਂਹਣਾ,
ਕੰਮ ਮਤ੍ਰੇਈ ਦਾ ਉਹਨੂੰ ਭੰਡੇ ।
ਮਾਂ ਦਾ ਕੰਮ ਜੇ ਇਕੱਠ ਹੈ ਕਰਨਾ,
ਮਤ੍ਰੇਈ ਦਾ ਕੰਮ ਹੈ ਪਾਉਣਾ ਵੰਡੇ ।
ਮਾਂ ਦਾ ਕੰਮ ਜੇ ਪਰਦਾ ਪਾਉਣਾ,
ਮਤ੍ਰੇਈ ਉਹਨੂੰ ਛੱਜ ਪਾ ਛੰਡੇ ।

ਮਾਂ ਦਾ ਨਾਂ ਜੇ ਲੋਰੀਆਂ ਦੇਣਾ,
ਤਾਂ ਮਤ੍ਰੇਈ ਇਕ ਡਰਾਉਣੀ ਬਾਤ ।
ਮਾਂ ਦਾ ਨਾਂ ਜੇ ਸਰਘੀ ਵੇਲਾ,
ਤਾਂ ਮਤ੍ਰੇਈ ਮਸਿਆ ਦੀ ਰਾਤ ।
ਮਾਂ ਦਾ ਨਾਂ ਜੇ ਸਭ ਤੋ ਉੱਚਾ,
ਤਾਂ ਮਤ੍ਰੇਈ ਨੀਵੀਂ ਜਾਤ ।

ਮਾਂ ਦਾ ਨਾਂ ਜੇ ਸਵਰਗ ਹੈ ਲੋਕੋ,
ਤਾਂ ਮਤ੍ਰੇਈ ਹੈ ਇਕ ਨਰਕ ।
ਜਿਸ ਘਰ ਹੈ ਮਤ੍ਰੇਈ ਦਾ ਪਹਿਰਾ,
ਹੋ ਜਾਂਦਾ ਘਰ ਉਹ ਹੈ ਗਰਕ ।

ਮਾਂ ਦਾ ਨਾਂ ਜੇ ਅੰਮ੍ਰਿਤ ਲੋਕੋ,
ਤਾਂ ਮਤ੍ਰੇਈ ਹੈ ਇਕ ਜ਼ਹਿਰ ।
ਮਾਂ ਦਾ ਨਾਂ ਜੇ ਦਯਾ ਹੈ ਲੋਕੋ ।
ਤਾਂ ਮਤ੍ਰੇਈ ਹੈ ਇਕ ਕਹਿਰ ।



ਮਾਂ ਦਾ ਨਾਂ ਜੇ ਹਵਾ ਦਾ ਬੁੱਲਾ,
ਤਾਂ ਮਤ੍ਰੇਈ ਹੈ ਇਕ ਅੱਗ ।
ਉਸ ਘਰ ਦਾ ਇਹ ਕੁਛ ਨਾ ਛੱਡਦੀ,
ਜਿਸ ਘਰ ਨੂੰ ਇਹ ਜਾਂਦੀ ਲੱਗ ।

ਮਾਂ ਦਾ ਨਾਂ ਜੇ ਚੰਨ ਪੁੰਨਿਆਂ ਦਾ,
ਤਾਂ ਮਤ੍ਰੇਈ ਉਹਨੂੰ ਲੱਗਿਆ ਗ੍ਰਹਿਣ ।
ਕਰਦੇ ਲੋਕ ਇਹੋ ਜਿਹੀਆਂ ਗੱਲਾਂ,
ਜਦ ਭੀ ਕਿਤੇ ਇਕੱਠੇ ਬਹਿਣ ।
ਮਤ੍ਰੇਈਆਂ ਕਦੇ ਨਾ ਬਣੀਆਂ ਮਾਵਾਂ,
ਇਹ ਗੱਲ ਸਿਆਣੇ ਲੋਕੀਂ ਕਹਿਣ ।

3
ਪੂਰਨ ਕੋਲੋਂ ਪੁਛ ਕੇ ਦੇਖੋ,
ਕਦੇ ਭੀ ਮਾਂ ਨਾ ਬਣਦੀ ਲੂਣਾ ।
ਪਿਉ ਕੋਲੋਂ ਪੁੱਤਰ ਮਰਵਾਉਂਦੀ,
ਇਹ ਸਲਵਾਨਾਂ ਦੇ ਕਰਕੇ ਟੂਣਾ ।
ਵੱਡੇ ਵੱਡੇ ਅਕਲਮੰਦਾਂ ਨੂੰ,
ਬਣਾ ਦੇਂਦੀ ਇਹ ਅਕਲ-ਵਿਹੂਣਾ ।

ਰੌਲਾ ਪਾਉਂਦੀ ਰਹਿ ਗਈ ਇੱਛਰਾਂ,
ਉਹਦੀ ਗੱਲ ਨਾ ਕਿਸੇ ਨਾ ਮੰਨੀ ।
ਪੁੱਤਰ ਲਈ ਹਟਕੋਰੇ ਲੈਂਦੀ,
ਹੋ ਗਈ ਰਾਣੀ ਇੱਛਰਾਂ ਅੰਨ੍ਹੀ ।

4
ਲੈ ਆਗਿਆ,
ਮਾਂ ਸੁਨੀਤ ਦੇ ਕੋਲੋਂ,
ਧਰੂ ਬਾਪ ਅਪਣੇ ਨੂੰ ਮਿਲਣ ਲਈ ਆਇਆ ।
ਬੈਠਾ ਦੇਖ ਉੱਤਮ ਨੂੰ,
ਉਤਾਨਪਾਦ ਦੀ ਗੋਦੀ,
ਧਰੂ ਭੀ ਉਥੇ ਬੈਠਣਾ ਚਾਹਿਆ ।

ਪਰ ਸਰੂਚਿ,
ਉਹਦੀ ਮਤ੍ਰੇਈ,
ਉਹਨੂੰ ਸੀ ਇਹ ਮੇਹਣਾ ਲਾਇਆ।
'ਤੈਨੂੰ ਰਾਜ ਭਾਗ ਨਾ,
ਨਾ ਪਿਉ ਦੀ ਗੋਦੀ,
ਤੂੰ ਨਾ ਮੇਰੀ ਕੁੱਖੋਂ ਜਾਇਆ।'
ਗੋਲੀ ਏ,
ਜਾਂ ਮਾਂ ਤੂੰ ਰਾਣੀ,
ਰੋਂਦਾ ਰੋਂਦਾ ਧਰੂ ਘਰ ਆਇਆ।
ਘਰ ਬਾਰ ਛੱਡ,
ਉਹ ਜੰਗਲ ਤੁਰ ਗਿਆ,
ਮਤ੍ਰੇਈ ਦੇ ਮੇਹਣਿਆਂ ਮਾਰਾ।
ਪੁੱਤ ਰਾਜੇ ਦਾ,
ਕਰਕੇ ਭਗਤੀ,
ਆਖ਼ਰ ਬਣ ਗਿਆ ਉਹ ਧਰੂ ਤਾਰਾ।

5

ਸਭ ਜਾਣੂ ਨੇ,
ਇਸ ਗੱਲ ਤੋਂ ਤਾਂ,
ਰਾਮ ਚੰਦਰ ਨਾਲ ਜੋ ਬੀਤੀ।
ਭਰਤ ਦੀ ਮਾਂ,
ਉਹਦੀ ਮਤ੍ਰੇਈ,
ਜਿਹੜੀ ਹਾਲਤ ਉਹਦੀ ਕੀਤੀ।

ਕਹਿ ਦਸ਼ਰਥ ਨੂੰ,
ਉਸ ਚੰਦਰੀ ਨੇ,
ਬਣਾ ਦਿੱਤਾ ਰਾਮ ਬਨਾਂ ਦਾ ਵਾਸੀ।
ਰੋਂਦੀ ਰਹਿ ਗਈ,
ਕੁਸ਼ਲਿਆ ਰਾਣੀ,
ਛਾ ਗਈ ਭਾਵੇਂ ਮਹਿਲੀਂ ਉਦਾਸੀ।
ਰਾਜੇ ਜਨਕ ਦੀ,
ਲਾਡਲੀ ਸੀਤਾ,



ਗੁਜ਼ਾਰਿਆ ਜੀਵਨ ਵਾਂਗ ਇਕ ਦਾਸੀ।
ਇਹੋ ਜਿਹੀਆਂ,
ਮਤ੍ਰੇਈਆਂ ਨੂੰ ਭਲਾ,
ਕਿਵੇਂ ਕੋਈ ਕਹਿ ਸਕਦਾ ਹੈ ਮਾਸੀ।

6

ਜਿਉਂਦੀਆਂ ਸੀ,
ਭਾਵੇਂ ਉਹਨਾਂ ਦੀਆਂ ਮਾਵਾਂ,
ਬਚ ਨਾ ਸਕੇ ਧਰੂ, ਪੂਰਨ, ਰਾਮ।
ਤੇ ਫਿਰ ਜਿਹਦੀ,
ਆਪਣੀ ਮਾਂ ਭੀ ਨਾ ਹੋਵੇ,
ਕੀ ਕਰੂ ਉਹ ਬੱਚਾ ਆਮ।
ਮਤ੍ਰੇਈ ਦੇ ਪਰਛਾਵੇਂ ਥੱਲੇ,
ਸਦਾ ਰਹਿੰਦੀ ਹੈ ਗ਼ਮ ਦੀ ਸ਼ਾਮ।

ਮਾਂ ਮਤ੍ਰੇਈ ਬਣ ਨਾ ਸਕਦੀ,
ਬਣ ਸਕਦੀ ਹੈ ਪਿਉ ਦੀ ਤੀਵੀਂ।
ਜਿਹਦੇ ਸਾਹਮਣੇ ਸਲਵਾਨ ਜਿਹੇ ਭੀ,
ਬੈਠ ਜਾਂਦੇ ਨੇ ਪਾ ਕੇ ਨੀਵੀਂ।

ਕਰ ਲੈਂਦੀ ਕਾਬੂ,
ਖਾਦਮ ਤਾਈਂ,
ਖਿਲਾਰ ਕੇ ਉਹ ਪਿਆਰ ਦੇ ਜਾਲ।
ਨੱਕ ਉਹਦੇ ਵਿਚ,
ਨਕੇਲ ਉਹ ਪਾਉਂਦੀ,
ਹਿਲ ਜਾਵੇ ਉਹਦੀ ਕੀ ਮਜਾਲ।
ਘਰ ਵਿਚ,
ਸਭ ਤੋਂ ਪਿੱਛੋਂ ਆਉਂਦੀ,
ਪਰ ਸਾਰਾ ਹੀ ਉਹਦਾ ਮਾਲ।
"ਔਤਰੇ ਪਤਾ ਨਹੀਂ,
ਆ ਗਏ ਕਿੱਥੋਂ",
ਜਦ ਬੋਲੇ,ਉਹ ਕੱਢੇ ਗਾਲ।

ਬੇਵੱਸ ਇਨਸਾਨ,
ਕਈ ਮੈਂ ਤੱਕੇ,
ਮਤ੍ਰੇਈਆਂ ਲਾਉਣ ਜਿਹਨਾਂ ਨੂੰ ਅੱਗੇ ।
ਹੁਸਨ ਜਵਾਨੀ ਦੇ ਜ਼ੋਰਾਂ 'ਤੇ,
ਦਿਨ ਦਿਹਾੜੇ ਉਹ ਪਈ ਠੱਗੇ ।

**7**

ਰੱਬਾ,
ਤੂੰ ਨਾ ਜੰਮਿਆ,
ਮਾਂ ਦੀ ਕੁੱਖੋਂ,
ਤੂੰ ਕੀ ਜਾਣੇ,
ਕੀ ਹੁੰਦੀ ਮਾਂ ਹੈ ।
ਉਸ ਪਨੀਰੀ ਨੇ,
ਕੀ ਹੈ ਪਲਨਾ,
ਨਾ ਜਿਸ ਦੇ ਸਿਰ ਤੇ,
ਮਾਂ ਦੀ ਛਾਂ ਹੈ ।

ਮਮਤਾ ਦੇ ਪਾਣੀ ਦੀ ਥਾਂ 'ਤੇ,
ਜਿਸ ਬੂਟੇ ਨੂੰ,
ਜ਼ਹਿਰ ਹੈ ਮਿਲਦਾ ।
ਕਿਵੇਂ ਬਚੂਗਾ ਐਸਾ ਬੂਟਾ,
ਜੇ ਬਚ ਗਿਆ ਤਾਂ,
ਕਦ ਉਹ ਖਿਲਦਾ ।
ਭਰ ਜਾਣਗੇ,
ਸਭ ਜ਼ਖ਼ਮ ਜਿਸਮ ਦੇ,
ਪਰ ਭਰੂ ਕਿਵੇਂ,
ਜ਼ਖਮ ਉਹ ਦਿਲ ਦਾ?
ਮਿਲਿਆ ਜਿਹਨਾਂ ਨੂੰ,
ਬੱਸ ਜਾਣਦੇ ਉਹੀ,
ਦਰਦ ਜੋ ਮਤ੍ਰੇਈਆਂ ਤੋਂ ਮਿਲਦਾ ।
ਮਾਂ ਨਾ ਖੋਹੀ,
ਕਿਸੇ ਦੀ ਰੱਬਾ,



ਮੈਂ ਤੇਰੇ ਕੋਲੋਂ ਇਹੀ ਮੰਗਾ ।
ਘਰ ਵਿਚ,
ਰੋਟੀ ਪੱਕਣ ਨਾਲੋਂ,
ਰੰਡੇ ਬਾਪੂ ਦਾ ਵਿਹੜਾ ਚੰਗਾ ।

**8**

ਮਾਂ ਜੇ ਖੋਹ ਲਏਂ,
ਇਕ ਕੰਮ ਕਰੀ ਤੂੰ,
ਦੇਈਂ ਕਿਸੇ ਨੂੰ ਨਾ ਮਤ੍ਰੇਈ ।
ਹਰ ਮਤ੍ਰੇਈ ਦੇ ਅੰਦਰ ਬੈਠੀ,
ਲੂਣਾ, ਸਰੂਚਿ ਜਾਂ ਕੈਕੇਈ ।

ਪਾ ਦੇਈਂ,
ਭੁੱਖੇ ਸ਼ੇਰ ਦੇ ਅੱਗੇ,
ਪਰ ਕਿਸੇ ਬੱਚੇ ਨੂੰ,
ਮਤ੍ਰੇਈ ਦੀ ਗੋਦੀ ਨਾ ਪਾਈਂ ।
ਖੋਹਣ ਲੱਗਾ,
ਜਦ ਮਾਂ ਕਿਸੇ ਦੀ,
ਉਸ ਤੋਂ ਪਹਿਲਾਂ,
ਬੱਚੇ ਲੈ ਜਾਈਂ ।
ਪਰ ਜੇ ਤੈਂ,
ਆਪਣੀ ਮਰਜ਼ੀ ਕਰਨੀ,
ਉਸ ਬੱਚੇ ਨੂੰ ਢਿੱਡ ਨਾ ਲਾਈਂ ।

ਧੌੜੀ ਵਰਗੀ,
ਦੇਈਂ ਉਹਨੂੰ ਚਮੜੀ,
ਕੰਨਾਂ ਤੋਂ ਉਹਨੂੰ, ਰੱਖੀਂ ਬੋਲਾ ।
ਨਾ ਜੰਮੀ ਉਹਨੂੰ
ਮਹਿਲਾਂ ਅੰਦਰ,
ਜਦ ਰਹਿਣਾ ਉਸ ਨੇ ਬਣ ਕੇ ਗੋਲਾ ।
ਵੱਡਾ ਸਾਰਾ,
ਦਿਲ ਦੇਈਂ ਉਹਨੂੰ,

ਰਹਿਣਾ ਪੈਂਦਾ ਹੋ ਕੱਖ ਤੋਂ ਹੌਲਾ।
ਸਿਰ ਵਿਚ ਉਹਦੇ,
ਦਿਮਾਗ ਨਾ ਪਾਈਂ।
ਵੱਜਣਾ ਹਰ ਦਮ ਸਿਰ 'ਤੇ ਪੌਲਾ।

ਜ਼ੁਲਮ ਮਤ੍ਰੇਈ ਦਾ,
ਜਦ ਐਨਾ ਵੱਧਦਾ,
ਚੈਨ ਨਾ ਮਿਲਦੀ ਉਹਦੇ ਬੂਹੇ।
ਖਾ ਕੇ ਜ਼ਹਿਰ,
ਕੋਈ ਮਰ ਜਾਂਦਾ,
ਜਾਂ ਡੁੱਬ ਜਾਂਦਾ ਕੋਈ ਖੂਹੇ।

9

ਮਤ੍ਰੇਈ ਜਦ ਕੋਈ,
ਇਸ ਧਰਤੀ ਉੱਤੇ,
ਮਤੇਰ ਬੱਚੇ ਨੂੰ ਔਖੀ ਬੋਲੇ।
ਜਾਂ ਲਾ ਕੇ,
ਉਹੋ ਦੂਸ਼ਣ,
ਸਿਖਰ ਦੁਪਹਿਰੇ ਕੁਫ਼ਰ ਪਈ ਤੋਲੇ।
ਉਹ ਬੱਚਾ ਜਦ,
ਹਟਕੋਰੇ ਭਰਦਾ,
ਮਤ੍ਰੇਈ ਤੋਂ ਹੋ ਕੇ ਓਹਲੇ।
ਇਕੱਲਿਆਂ ਬਹਿ,
ਯਾਦ ਕਰ ਮਾਂ ਨੂੰ,
ਜਦ ਹੌਲੀ ਹੌਲੀ,
ਦੁੱਖ ਉਹ ਫੋਲੇ।
'ਭੱਜੀ' ਧਰੂ ਤਾਰਾ,
ਜੋ ਕਦੇ ਨਾ ਹਿਲਦਾ,
ਉਸ ਨਾਲ ਉਸਦਾ ਆਸਨ ਡੋਲੇ।



## ਮਾਸੀ
(ਮੇਰੀ ਮਾਸੀ ਦੇ ਨਾਂ)

ਮਾਂ ਵਰਗੀ,
ਜੇ ਕੋਈ ਹੋਵੇ,
ਉਹਨੂੰ ਕਹਿੰਦੇ ਮਾਸੀ।

ਅਕਲ ਸ਼ਕਲ ਭੀ,
ਮਾਂ ਦੇ ਨਾਲ ਜੋ,
ਉਹਦੀ ਮਿਲਦੀ ਖਾਸੀ।

ਮਾਂ ਦੇ ਮਗਰੋਂ,
ਮਾਸੀ ਕੋਲੋਂ ਮਿਲਦਾ,
ਮਾਂ ਦੇ ਵਰਗਾ ਪਿਆਰ।

ਆਪਣੇ ਭਾਣਜੇ,
'ਤੇ ਭਾਣਜੀਆਂ ਲਈ,
ਉਹ ਰਹਿੰਦੀ ਸਦਾ ਤਿਆਰ।

ਹੁਣ ਤਾਈਂ ਤਾਂ,
ਹਰੇਕ ਕਿਸੇ ਦੀਆਂ,
ਇਕ ਜਾਂ ਦੋ ਸੀ ਮਾਸੀਆਂ।

ਆਪਣੀ ਭੈਣ ਦੇ,
ਬੱਚਿਆਂ ਨੂੰ ਤੱਕਣ ਲਈ,
ਜਿਹਨਾਂ ਦੀਆਂ ਅੱਖਾਂ ਸਦਾ ਪਿਆਸੀਆਂ।

ਪਰ,
ਮੇਰੇ ਵਤਨ ਦੇ ਲੋਕਾਂ ਦੀ,
ਅੱਜ ਕੱਲ ਮਾੜੀ ਨੀਤ ।

ਗਰਭ ਵਿਚ ਹੀ,
ਕਾਕਾ-ਕਾਕੀ ਜਾਨਣ ਦੀ,
ਅੱਜ ਕੱਲ ਮਾੜੀ ਰੀਤ ।

ਜੰਮਣ ਤੋਂ ਪਹਿਲਾਂ ਹੀ,
ਮਾਰ ਨੇ ਦੇਂਦੇ,
ਅੱਜ ਕੱਲ ਉਥੇ ਧੀਆਂ ਨੂੰ ।

ਇਸ ਦੁਨੀਆਂ ਵਿਚ ਭੀ,
ਆਉਣ ਨਹੀਂ ਦੇਂਦੇ,
ਇਹਨਾਂ ਰੱਬ ਦੇ ਜੀਆਂ ਨੂੰ ।

ਇਕੱਲੀਆਂ ਇਕੱਲੀਆਂ,
ਹੋਣਗੀਆਂ ਕੁੜੀਆਂ,
ਕਿਸੇ ਕੁੜੀ ਦੀ ਨਹੀਂ,
ਹੁਣ ਭੈਣ ਹੋਵੇਗੀ ।

ਭਰਿਆ ਦਿਲ,
ਜਦ ਕਿਤੇ ਫਿਰ ਉਹਦਾ,
ਕਿਸ ਦੇ ਗਲ ਲੱਗ,
ਓਹ ਕੁੜੀ ਰੋਵੇਗੀ?

ਕਿਸ ਦੇ ਨਾਲ,
ਉਹ ਦੁੱਖ-ਸੁੱਖ ਫੋਲੂ,
ਰਾਤਾਂ ਨੂੰ ਕੋਲ ਬਹਿਕੇ?


ਕਿਸ ਨੂੰ ਉਹ,
ਬੁਲਾਇਆ ਕਰੇਗੀ,



ਭੈਣ ਜਾਂ ਦੀਦੀ ਕਹਿ ਕੇ ।

ਆਉਣ ਵਾਲੀ,
ਨਸਲ ਦੀ ਪਨੀਰੀ 'ਤੇ,
ਜਦ ਕਰੋਪੀ ਦਾ ਮੀਂਹ ਵਰਸੇਗਾ ।

'ਭੱਜੀ' ਕੱਲ ਨੂੰ,
ਜੰਮਣ ਵਾਲਾ ਬੱਚਾ,
'ਮਾਸੀ' ਕਹਿਣ ਨੂੰ ਤਰਸੇਗਾ ।



## ਧੀ

(ਰਿੰਨੀ,ਬੱਬਲੀ,ਦੀਪੀ ਤੇ ਸੰਨੀ ਦੇ ਨਾਂ)

1

ਮੈਂ ਕੀ ਜਾਣਾਂ,
ਪੁੱਤ ਕੀ ਹੁੰਦੇ,
ਮੈਨੂੰ ਪਤਾ ਕੀ ਹੁੰਦੀ ਧੀ ।
ਮਾਖਿਉਂ ਮਿੱਠੀ,
ਦੁੱਧੋਂ ਚਿੱਟੀ,
ਇਹ ਰੱਬ ਦਾ ਇਕ ਜੀ ।

ਪੁੱਤਾਂ ਦੀ ਖ਼ਾਤਿਰ,
ਇਸ ਦੁਨੀਆਂ,
ਲੋਕਾਂ ਲੱਖਾਂ ਗੀਤ ਬਣਾਏ ।
ਪੁੱਤ ਬਿਨਾਂ ਨਾ,
ਨਾਂ ਰਹਿੰਦਾ ਜੱਗ 'ਤੇ,
ਇਹੋ ਹਰ ਕੋਈ ਗਾਏ ।

2

ਛੁੱਟ ਇਕ,
ਬਾਬੇ ਨਾਨਕ ਤੋਂ,
ਕਿਸੇ ਧੀ ਲਈ,
ਨਾ ਚੰਗਾ ਲਿਖਿਆ ।
'ਬਾਬਲ ਦਾ ਘਰ,
ਚਾਰ ਦਿਹਾੜੇ',
ਨਿੱਤ ਇਹਨੂੰ ਮਿਲਦੀ,
ਇਹੋ ਸਿੱਖਿਆ ।

ਪਿਉ ਭਰਾਵਾਂ ਤੇ,
ਮਾਣ ਇਹਨੂੰ ਹੈ,
ਪਰ ਖੁੱਦ ਇਹੋ ਨਿਮਾਣੀ ।
ਘਰ ਉਹ ਰਹਿੰਦਾ,
ਸਾਫ਼ ਤੇ ਸੁਥਰਾ,
ਜਿਸ ਘਰ ਹੋਵੇ ਧੀ ਧਿਆਣੀ ।

'ਰੋਟੀ ਟੁੱਕ ਦੀ,
ਜਾਂਚ ਸਿਖ ਲੈ,
ਸਿਖ ਲੈ ਖੂਹੋਂ,
ਭਰਨਾ ਪਾਣੀ ।'
'ਛੱਟਣਾ ਪੀਹਣਾ,
ਨਾ ਜੇ ਤੈਨੂੰ ਆਇਆ,
ਕੀ ਕਰੇਂਗੀ ਖਸਮਾਂ ਖਾਣੀ ।'
'ਵਾਂਗ ਗੋਲੀਆਂ,
ਕੰਮ ਇਹ ਕਰਦੀ,
ਭਾਵੇਂ ਮਾਪੇ ਕਹਿੰਦੇ 'ਰਾਣੀ' ।'

ਪੁੱਤ ਕਿਸੇ ਦਾ,
ਜੇ ਘਰ ਨਾ ਆਵੇ,
ਉਹਨੂੰ ਕੋਈ ਕੁੱਛ ਨਾ ਕਹਿੰਦਾ ।
ਇਹ ਮਰਜ਼ੀ ਹੈ,
ਉਹਦੀ ਆਪਣੀ,
ਜਿਥੇ ਮਰਜ਼ੀ ਉੱਠਦਾ ਬਹਿੰਦਾ ।
ਪਰ ਜਦ ਕੋਈ,
ਧੀ ਕਿਸੇ ਦੀ,
ਜੇਕਰ ਘਰ ਨਾ ਔਂਦੀ ।
ਫਿਕਰ ਮੰਦ,
ਮਾਂ ਉਹਦੀ ਹੁੰਦੀ,
ਸਾਰੀ ਰਾਤ ਨਾ ਸੌਂਦੀ ।

ਧੀ ਆਈ ਨੂੰ,

ਮਾਂ ਹੈ ਪੁੱਛਦੀ,
"ਤੂੰ ਕਿਸ ਦੇ ਘਰ ਗਈ ਸੀ?
ਮੈਂ ਤੈਨੂੰ ਪਈ,
ਇਥੇ ਉਡੀਕਾਂ,
ਨੀਂ ਤੂੰ ਕਿਥੇ ਮਰ ਗਈ ਸੀ?"

ਮਾਂ ਦੀਆਂ ਝਿੜਕਾਂ,
ਪਿਉ ਦੀ ਘੂਰੀ,
ਉਹ ਚੁੱਪ ਚਾਪ ਜਾਂਦੀ ਪੀ।
ਸਹਿਮ ਸਹਿਮ ਉਹ,
ਰਹਿਣਾ ਸਿਖਦੀ,
ਕਦੇ ਨਾ ਕਰਦੀ ਸੀ।
ਜਦ ਭੀ ਉਹਨੂੰ,
ਕੋਈ ਬੁਲਾਵੇ,
ਉਹ ਕਹੇ ਪਿਆਰ ਨਾਲ ਜੀ।

3

ਨੀਵੀਂ ਪਾ,
ਸਿਰ ਢੱਕ ਕੇ ਚੱਲਣਾ,
ਨਿੱਤ ਸਿਖਿਆ ਇਹੋ ਮਿਲਦੀ।
ਇਹੋ ਜਿਹੇ,
ਮਾਹੌਲ ਦੇ ਅੰਦਰ,
ਆਖ਼ਿਰ ਕਲੀ ਇਹ ਖਿਲਦੀ।
ਚਾਰ ਚੁਫੇਰੇ,
ਇਹਦੇ ਲੱਗੇ ਪਹਿਰੇ,
ਗੱਲ ਕਿਸ ਨਾਲ ਕਰੇ ਇਹ ਦਿਲ ਦੀ।

ਆਪਣੇ ਦਿਲ ਦੇ,
ਭੇਦ ਖੋਲ੍ਹਦੀ,
ਜਦ ਖੇਲ੍ਹੇ ਗੁੱਡੀਆਂ ਪਟੋਲੇ।
ਗੁੱਡੀ ਨਾਲ,
ਇਹ ਗੱਲਾਂ ਕਰਦੀ,



ਸਭ ਦੁਨੀਆਂ ਤੋਂ ਉਹਲੇ।
ਚੁੱਪ ਗੁੱਡੀ ਦੀ,
ਉਹਨੂੰ ਸਮਝਾਉਂਦੀ,
ਜੀਵਨ ਔਰਤ ਦਾ ਹੌਲੇ ਹੌਲੇ।
ਸਹਿਣਸ਼ੀਲਤਾ ਦੀ,
ਮੂਰਤ ਬਣ ਜਾਂਦੀ,
ਨਾ ਛੇਤੀ ਕੀਤੇ ਡੋਲੇ।

ਕਈ ਵਾਰ,
ਕੰਮ ਕਾਰ ਇਹ ਕਰਦੀ,
ਦਿਲ ਦੀ ਗੱਲ ਪਈ ਖੋਲ੍ਹੇ।
'ਛੱਲੇ,
ਬਾਬਲ ਤੇਰੇ ਮਹਿਲਾਂ ਵਿਚੋਂ,
ਸੱਤ-ਰੰਗੀਆ ਕਬੂਤਰ ਬੋਲੇ।'
'ਮਧਾਣੀਆਂ,
ਹਾਏ ਵੇ ਮੇਰੇ ਡਾਢਿਆ ਰੱਬਾ,
ਕਿਨ੍ਹਾਂ ਜੰਮੀਆਂ ਕਿਨ੍ਹਾਂ ਲੈ ਜਾਣੀਆਂ।'

ਬੇਚੈਨੀ ਉਹਦੀ,
ਜ਼ਾਹਿਰ ਹੈ ਹੁੰਦੀ,
ਪਰ ਜੱਗ ਤੋਂ ਇਹੋ ਲੁਕਾਉਂਦੀ।
ਦਿਲ ਭਾਵੇਂ,
ਇਹਦਾ ਹੋਵੇ ਰੋਂਦਾ,
ਬੁੱਲੀਆਂ ਤੋਂ ਮੁਸਕਾਉਂਦੀ।

4

ਲੋਕ ਕਹਿਣ,
ਧੀ ਆਟੇ ਦਾ ਦੀਵਾ,
ਇਹਨੂੰ ਕੌਣ ਬਚਾਵੇ।
ਅੰਦਰ ਰੱਖਿਆਂ,
ਚੂਹੇ ਟੁੱਕਦੇ,
ਬਾਹਰ ਕਾਵਾਂ ਤੋਂ ਡਰ ਆਵੇ।

ਇਹ ਮਿੱਠੀ,
ਇਹ ਮਿਸ਼ਰੀ ਵਰਗੀ,
ਹਰ ਕੋਈ ਖਾਣਾ ਚਾਹਵੇ ।
ਜਵਾਨ ਧੀ,
ਜਿਸ ਘਰ ਹੈ ਬੈਠੀ,
ਮਾਪਿਆਂ ਨੂੰ ਨੀਂਦ ਨਾ ਆਵੇ ।
ਧੀ ਜੇਕਰ ਹੋਵੇ,
ਕਿਸੇ ਦੀ ਸੋਹਣੀ,
ਹਰ ਕੋਈ ਮਾਰੇ ਗੇੜੇ ।
ਧੀ ਜੇ ਕਰ ਹੋਵੇ,
ਕਿਸੇ ਦੀ ਕੋਹਣੀ,
ਨਾ ਕੋਈ ਢੁੱਕਦਾ ਨੇੜੇ ।
ਮਾਪਿਆਂ ਕੋਲ,
ਜੇ ਹੋਵੇ ਨਾ ਦਮੜਾ,
ਬਰਾਤ ਨਾ ਢੁੱਕਦੀ ਵਿਹੜੇ ।

ਲੋਕੋ ਧੀ ਹੁੰਦੀ ਏ,
ਘਰ ਦਾ ਦੀਵਾ,
ਇਹਨੂੰ ਡਰ ਨਾ ਕੋਈ ।
ਬਾਬਲ ਮਹਿਲੀਂ,
ਇਹੋ ਜਗਦਾ,
ਉਸ ਘਰ ਵਿਚ ਇਹਦੀ ਲੋਈ ।
ਅਤਰ ਫੁਲੇਲ ਨਾਲ,
ਭਰਿਆ ਇਹ ਦੀਵਾ,
ਵੰਡੇ ਨਿੱਤ ਖੁਸ਼ਬੋਈ ।
ਬਿਨ ਧੀਆਂ ਤੋਂ,
ਬਾਬਲ ਮਹਿਲੀਂ,
ਰੌਣਕ ਕਦੇ ਨਾ ਹੋਈ ।

5

ਧੀ ਕਹਿੰਦੇ ਨੇ,
ਧੁਣ ਹੈ ਐਸਾ,



ਜੋ ਹੈ ਧੰਨ ਨੂੰ ਲਗਦਾ ।
ਧੀ ਕਹਿੰਦੇ ਨੇ,
ਉਹਦੇ ਜੰਮਦੀ,
ਜਿਸ ਦੇਣਾ ਹੋਵੇ ਜੱਗ ਦਾ ।
ਪਰ ਲੋਕੋ,
ਧੀਆਂ ਧੰਨ ਨੇ ਐਸਾ,
ਕੋਈ ਮਾਣੇ ਕਰਮਾਂ ਵਾਲਾ ।
ਇਸ ਤੋਂ ਬਿਨਾਂ,
ਕੰਗਾਲ ਹੈ ਬੰਦਾ,
ਭਾਵੇਂ ਹੋਵੇ ਨਾਢੂ ਖ਼ਾਂ ਦਾ ਸਾਲਾ ।
ਜਾਂ ਹੋਵੇ,
ਉਹ ਰਾਜਾ ਕੋਈ,
ਉੱਚੇ ਤਖ਼ਤਾਂ ਵਾਲਾ ।

ਜਦ 'ਬਾਪੂ' ਉਹ,
ਪਿਆਰ ਨਾਲ ਕਹਿੰਦੀ,
ਇਹ ਸਭ ਤੋਂ ਵੱਡਾ ਮਾਣ ।
ਲੱਖ ਤਰ੍ਹਾਂ ਦੇ
ਦਾਨ ਨੇ ਭਾਵੇਂ,
ਸਭ ਤੋਂ ਵੱਡਾ ਕੰਨਿਆ ਦਾਨ ।

ਲੋਕ ਕਹਿਣ,
ਧੀਆਂ ਧੰਨ ਬੇਗਾਨਾ,
ਇਹਨਾਂ ਇਕ ਦਿਨ ਜਾਣਾ ।
ਇਹ ਮਹਿਮਾਨ ਨੇ,
ਚਾਰ ਦਿਨਾਂ ਦੀਆਂ,
ਨਾ ਪਿਆਰ ਇਹਨਾਂ ਨਾਲ ਪਾਣਾ ।

ਚਾਰ ਦਿਨਾਂ ਦੇ,
ਸਭ ਮਹਿਮਾਨ ਨੇ ਜੱਗ 'ਤੇ,
ਸਤਿਗੁਰੂ ਦਾ ਇਹ ਕਹਿਣਾ ।
ਤੂੰ, ਮੈਂ, ਜਾਂ,

ਕਿਸੇ ਹੋਰ ਦੇ ਪੁੱਤਾਂ,
ਸਦਾ ਨਾ ਬੈਠੇ ਰਹਿਣਾ ।

6
ਧੀ ਜੰਮਦੀ ਜਦ,
ਘਰ ਕਿਸੇ ਦੇ,
ਅਫ਼ਸੋਸ ਲਈ ਆਉਂਦੀਆਂ ਤੀਵੀਆਂ ।
ਕੁੰਢੀਆਂ ਮੁੱਛਾਂ ਭੀ, ਧੀ ਜੰਮਣ ਤੇ
ਹੋ ਜਾਂਦੀਆਂ ਨੇ ਨੀਵੀਆਂ ।

ਪਰ ਜਦ ਕੋਈ,
ਧੀ ਕਿਸੇ ਦੀ,
ਭਾਗੋ ਬਣ ਕੇ ਲੜਦੀ ।
ਜਾਂ ਫਿਰ ਬਣ ਕੇ,
ਸਦਾ ਕੌਰ ਉਹ,
ਲਾਹੌਰ ਕਿਲ੍ਹੇ ਜਾ ਚੜ੍ਹਦੀ ।
ਮੁੱਛਾਂ ਉਤਾਂਹ ਨੂੰ,
ਆਪ ਉਠਦੀਆਂ,
ਜਦ ਹੱਥ ਤਲਵਾਰ ਉਹ ਫੜਦੀ ।

ਧੀ ਜੇਕਰ,
ਪੜ੍ਹ ਲਿਖ ਹੋ ਜਾਵੇ,
ਆਪਣੇ ਪੈਰੀਂ ਖੜੀ ।
ਸ਼ਾਇਦ ਫੇਰ,
ਇਹ ਟੁੱਟ ਜਾਵੇ,
ਸਦੀਆਂ ਤੋਂ ਚਲਦੀ ਕੜੀ ।

7
ਬਾਬਲ ਵਿਹੜੇ,
ਨੱਚਦੀ ਟੱਪਦੀ,
ਇਕ ਦਿਨ ਐਸਾ ਆਉਂਦਾ ।
ਦਾਣਾ ਪਾਣੀ,



ਇਹਦਾ ਮੁੱਕਦਾ,
'ਉਹ' ਹੋਰ ਕਿਤੇ ਜਾ,
ਚੋਗਾ ਖਿੰਡਾਉਂਦਾ ।
ਬਾਬਲ ਆਪਣੇ,
ਇਸ ਦਿਲ ਦੇ ਟੁੱਕੜੇ ਨੂੰ,
ਗ਼ੈਰਾਂ ਦੇ ਵੱਸ ਪਾਉਂਦਾ ।
ਧੀ ਉਹਦੀ ਬਣੇ,
ਮਹਿਲਾਂ ਦੀ ਰਾਣੀ,
ਹਰ ਬਾਬਲ ਇਹ ਹੀ ਚਾਹੁੰਦਾ ।
'ਉਹਦੀਆਂ' ਲਿਖੀਆਂ,
'ਓਹੀ' ਜਾਣੇ,
ਹੁੰਦਾ ਜੋ ਉਸ ਨੂੰ ਭੌਂਦਾ ।
ਕਦ ਕੋਈ ਹੈ,
ਜਾਣ ਬੁੱਝ ਕੇ,
ਗਾਂ ਬੁੱਚੜਾਂ ਨੂੰ ਫੜੌਂਦਾ ।

8
ਧੀ ਕਿਸੇ ਦੀ,
ਜੇ ਬਹਿ ਕੇ ਪੇਕੇ,
ਗਜ਼-ਗਜ਼ ਹੌਕੇ ਭਰਦੀ ।
ਉਹਦਾ ਜੀਵਨ,
ਜੇਕਰ ਔਖਾ,
ਉਹ ਔਖਾ ਮਾਪਿਆਂ ਨੂੰ ਵੀ ਕਰਦੀ ।
ਪਰ ਧੀ ਧਿਆਣੀ,
ਨਾ ਦੇਖੀ ਜਾਵੇ,
ਲੋਕੋ ਅੱਖਾਂ ਸਾਹਵੇਂ ਮਰਦੀ ।

ਧੀ ਜੇਕਰ,
ਕਿਸੇ ਬਾਬਲ ਦੀ,
ਉਲਟੀ ਟੋਰ ਟੁਰੇ ।
ਜੇ ਧੀ ਨਾ ਵਸੇ,
ਕਿਸੇ ਦੀ ਸਹੁਰੀਂ,

ਉਹ ਲਗਦੀ ਵਾਂਗ ਛੁਰੇ ।
ਧੀ ਦੇ ਗ਼ਮ ਵਿਚ,
ਮਾਪੇ ਖੁਰਦੇ,
ਜਿਵੇਂ ਪਾਣੀ ਲੂਣ ਖੁਰੇ ।
ਦੁੱਖੀ ਧੀ ਦਾ,
ਕੋਈ ਦੁਖੀਆ ਬਾਬਲ,
ਕਹੇ ਉੱਚੀ ਉੱਚੀ ਸੁਰੇ ।
'ਧੀਆਂ ਨਾ ਤੁਸੀਂ,
ਜੰਮਿਉਂ ਲੋਕੋ,
ਧੀਆਂ ਦੇ ਦੁੱਖ ਬੁਰੇ ।'

ਪਰ ਇਹ,
ਦੁੱਖ ਸੁੱਖ,
ਜੀਵਣ ਦੇ ਸਾਥੀ,
ਸਾਥ ਇਹਨਾਂ ਨਿਭਾਣਾ ।
ਜਿਸ ਦੇ ਭਾਗੀਂ,
ਜੋ ਦਾਤੇ ਲਿਖਿਆ,
ਉਸ ਨੇ ਉਹੀ ਪਾਣਾ ।
'ਉਹਦੇ' ਅੱਗੇ,
ਨਾ ਜ਼ੋਰ ਕਿਸੇ ਦਾ,
ਮੰਨਣਾ ਪੈਂਦਾ ਭਾਣਾ ।
ਜਿਥੇ ਕਿਸੇ ਦਾ,
ਦਾਣਾ ਪਾਣੀ ਲਿਖਿਆ,
ਉਨ ਉਥੇ ਬੈਠ ਕੇ ਖਾਣਾ ।

9

ਸਹੁਰੇ ਘਰ ਭੀ,
ਬੈਠੀ ਉਹੋ,
ਨਾ ਮਾਪਿਆਂ ਨੂੰ ਕਦੇ ਭੁਲਾਉਂਦੀ ।
ਬਾਬਲ ਮੇਰਾ,
ਮਹਿਲਾਂ ਦਾ ਰਾਜਾ,
ਇਹ ਗੀਤ ਉਹਨਾਂ ਦੇ ਗਾਉਂਦੀ ।



ਹਵਾ ਦੇ ਹੱਥ,
ਸੁਨੇਹੇ ਭੇਜੇ,
ਜਦ ਯਾਦ ਉਹਨਾਂ ਦੀ ਆਉਂਦੀ ।
ਕਦੇ ਕਦੇ ਇਹ,
ਕਾਵਾਂ ਤਾਈਂ,
ਕੁੱਟ ਕੁੱਟ ਚੂਰੀਆਂ ਪਾਉਂਦੀ ।
"ਜਾਈਂ ਵੇ ਕਾਵਾਂ,
ਦੇਸ ਬਾਬਲ ਦੇ,"
ਕਹਿ ਕੇ ਕਾਗ ਉਡਾਉਂਦੀ ।
ਬਾਬਲ ਦੇਸੋਂ,
ਜੋ ਆਵੇ ਪਰੌਹਣਾ,
ਉਹਨੂੰ ਫੁੱਲ ਚੜ੍ਹਾਉਂਦੀ ।
ਜੇ ਕਿਤੇ ਆ ਜਾਵੇ,
ਵੀਰ ਇਸ ਦਾ,
ਤਾਂ ਇਹ ਫੁੱਲਿਆਂ ਨਾ ਸਮਾਉਂਦੀ ।
ਪਰ ਜਦ ਇਹਨੂੰ ਕੋਈ,
ਆਪਣੇ ਮਾਪਿਆਂ ਤੋਂ,
ਖ਼ਬਰ ਸਾਰ ਨਾ ਆਉਂਦੀ ।
ਉਸ ਵੇਲੇ ਇਹ,
ਔਖੀ ਹੁੰਦੀ,
ਤੇ ਥੋੜ੍ਹੀ ਇਹ ਘਬਰਾਉਂਦੀ ।
ਅਰਦਾਸਾਂ ਕਰ,
ਜਾਂ ਸੁੱਖ ਰੋਟ ਪੀਰ ਦਾ,
ਇਹ ਰੁਸਿਆ ਰੱਬ ਮਨਾਉਂਦੀ ।
'ਸੁੱਖ ਦੀ ਖ਼ਬਰ
ਕੋਈ ਭੇਜੀਂ ਰੱਬਾ,
ਇਹ ਰੱਬ ਨੂੰ ਤਰਲੇ ਪਾਉਂਦੀ ।

10

ਵਰ੍ਹਿਆਂ ਮਗਰੋਂ,
ਜਦ ਕੋਈ ਧੀ,
ਆਪਣੀ ਮਾਂ ਦੇ,

ਗਲ ਲੱਗ ਮਿਲਦੀ ।
ਚੁੱਪ ਉਹਦੀ,
ਤੇ ਅੱਖਾਂ ਦੇ ਰਾਹੀਂ,
ਮਾਂ ਬੁੱਝ ਲੈਂਦੀ,
ਗੱਲ ਜੋ ਉਹਦੇ ਦਿਲ ਦੀ ।
ਉਦੋਂ ਕਹਿੰਦੇ,
ਪਰਬਤ ਨੇ ਕੰਬਦੇ,
ਤੇ ਇਹ ਸਾਰੀ ਧਰਤੀ ਹਿੱਲਦੀ ।

'ਸਭ ਕੁਝ ਠੀਕ ਠਾਕ ਹੈ ਬਾਪੂ,'
ਤੇ ਝੂਠ ਮੂਠ ਮੁਸਕਾਉਂਦੀ ।
ਸੱਸ ਦੇ ਮੇਹਣੇ,
ਜਠਾਣੀ ਦੇ ਤਾਹਨੇ,
ਸਭ ਇਹ ਦਿਲ ਵਿਚ ਲੁਕਾਉਂਦੀ ।
ਸੱਸ ਜਦ ਕੋਈ,
ਆਪਣੀ ਨੂੰਹ ਨੂੰ,
ਅੱਗਾਂ ਲਾ ਲਾ ਸਾੜੇ ।
"ਨੀ ਜਿਨ੍ਹਾਂ ਨੇ,
ਤੇਰੇ ਜਿਹੀ ਹੈ ਜੰਮੀ,
ਉਹ ਕਿੰਨੇ ਮਾਪੇ ਮਾੜੇ ।"
ਖ਼ੂਨੀ ਤਾਂ ਬੱਸ,
ਇਕ ਵਾਰ ਸੂਲੀ ਚੜ੍ਹਦਾ,
ਪਰ ਉਹ ਰੋਜ਼ ਇਹਨੂੰ ਸੂਲੀ ਚਾੜ੍ਹੇ ।
ਉਹ ਖੁਦ ਭੀ ਤਾਂ ਸੀ,
ਧੀ ਕਿਸੇ ਦੀ,
ਪੁਛੋ ਉਸ ਸੱਸੜੀ ਦੇ ਕੋਲੋਂ ।
ਅੱਜ ਕਿਉਂ,
ਉਹਨੂੰ ਚੇਤਾ ਭੁੱਲਾ,
ਪੁੱਛੋ ਉਸ ਤੱਤੜੀ ਦੇ ਕੋਲੋਂ ।



11

ਪਤਾ ਨਹੀਂ,
ਉਹ ਕੈਸੇ ਮਾਪੇ,
ਜੋ ਧੀਆਂ ਨੂੰ ਮਾਰਨ ।
ਧਿਆਨ ਨਾਲ,
ਤੁਸੀਂ ਸੋਚੋ ਵੇ ਲੋਕੋ,
ਕੀ ਨੇ ਇਹਦੇ ਕਾਰਨ ।

ਇਕ ਵਾਰ,
ਇਕ ਗ਼ਰੀਬ ਬੁੱਢੜਾ,
ਪੱਟ ਰਿਹਾ ਸੀ ਟੋਇਆ ।
ਜਦ ਧੀ ਨੇ,
ਉਹਦੀ ਮਿੱਟੀ ਪੂੰਝੀ,
ਉਹ ਧਾਹਾਂ ਮਾਰ ਕੇ ਰੋਇਆ ।
'ਦਾਜ ਦੇਣ ਨੂੰ,
ਨਾ ਕੁਛ ਮੇਰੇ ਕੋਲ,
ਵਰ ਤੇਰਾ ਨਾ ਮੈਨੂੰ ਲੱਭਣਾ ।
ਹੋ ਜਾਵੇਂਗੀ,
ਜਵਾਨ ਤੂੰ ਕੱਲ੍ਹ ਨੂੰ,
ਇਸ ਲਈ ਤੈਨੂੰ ਚਾਹਿਆ ਦੱਬਣਾ ।
ਇਹ ਟੋਇਆ,
ਮੈਂ ਪੁੱਟ ਰਿਹਾ ਸਾਂ,
ਤੇਰੇ ਲਈ ਹੀ ਮੇਰੀਏ ਧੀਏ ।
ਮਾਫ਼ ਕਰੀਂ,
ਮੈਨੂੰ ਮੇਰੀ ਬੱਚੀ,
ਪਤਾ ਨਹੀਂ ਹੋਇਆ ਮੈਨੂੰ ਕੀਏ ।

ਲਾਲਚ ਕਰਕੇ,
ਮਰਦੀਆਂ ਧੀਆਂ,
ਤੁਹਾਡੀਆਂ ਦਾਜ ਨਾਲ,
ਲਾਈਆਂ ਪਰੀਤਾਂ ।
ਹਾਲੇ ਭੀ ਉਹ,

ਉਸੇ ਤਰ੍ਹਾਂ ਹਨ,
ਸਦੀਆਂ ਤੋਂ ਚਲਦੀਆਂ,
ਆਈਆਂ ਰੀਤਾਂ ।

12
ਧੀਆਂ ਨਹੀਂ ਹਨ,
ਮਾੜੀਆਂ ਲੋਕੋ,
ਇਹ ਮਾੜੀਆਂ ਜੱਗ ਬਣਾਈਆਂ ।
ਪੇਕੇ ਘਰ,
ਜਾਂ ਸਹੁਰੇ ਘਰ ਵਿਚ,
ਅਸੀਂ ਇਹ ਜੋਹਲੀਂ ਪਾਈਆਂ ।

ਧੀ ਜੰਮਦੀ ਹੈ
ਜਿਸ ਵਿਹੜੇ ਵਿਚ,
ਕਦ ਕੋਈ ਖੁਸਰੀ ਨਚਾਉਂਦਾ ।
ਪੰਛੀ, ਪਰਦੇਸੀ ਤੇ,
ਧੀ ਦੇ ਮਰਿਆਂ,
ਕਦ ਕੋਈ ਸੋਗ ਮਨਾਉਂਦਾ ।

ਬੁੱਢੇ ਮਾਪਿਆਂ ਦੇ,
ਕੋਲ ਕਦੇ ਨਾ,
ਮੈਂ ਤੱਕਿਆ ਬੈਠਾ ਪੁੱਤਰ ।
ਉਹਦੇ ਕੋਲ,
ਐਨਾ ਵਕਤ ਕਿੱਥੇ ਹੈ,
ਇਹੋ ਮਿਲਦਾ ਉੱਤਰ ।

ਜਦ ਕੋਈ ਪੁੱਤ,
ਆਪਣੇ ਮਾਪਿਆਂ ਦਾ,
ਦੁਸ਼ਵਾਰ ਕਰਦਾ ਜੀਣਾ ।
ਉਸ ਵੇਲੇ,
ਉਹ ਮਾਪੇ ਕਹਿੰਦੇ,
ਕਿਥੋਂ ਸਾਡੇ ਇਹ,



ਜੰਮ ਪਿਆ ਕਮੀਣਾ ।

ਇਹਦੇ ਨਾਲੋਂ,
ਤਾਂ ਚੰਗਾ ਹੁੰਦਾ,
ਜੰਮਦੀ ਧੀ ਧਿਆਣੀ ।
ਮੂਰਖ ਪੁੱਤ ਨਾਲੋਂ,
ਲੋਕੀਂ ਕਹਿੰਦੇ,
ਚੰਗੀ ਧੀ ਭਾਵੇਂ ਹੋਵੇ ਕਾਣੀ ।

ਧੀ ਹਮੇਸ਼ਾ,
ਦੁੱਖ ਸੁੱਖ ਦੇ ਵਿੱਚ,
ਆਪਣੇ ਮਾਪਿਆਂ ਦੀ,
ਸਾਰ ਹੈ ਲੈਂਦੀ ।
ਲੋੜ ਵੇਲੇ ਉਹ,
ਹਾਜ਼ਰ ਹੁੰਦੀ,
ਭਾਵੇਂ ਝਿੜਕਾਂ ਮੇਹਣੀ,
ਮਾਰ ਹੈ ਸਹਿੰਦੀ ।

13
ਭਾਗਾਂ ਵਾਲੇ ਨੇ,
ਉਹੋ ਟੱਬਰ,
ਜਿਹਨਾਂ ਚੱਖੇ,
ਧੀ ਪੁੱਤਾਂ ਦੇ ਮੇਵੇ ।
ਰੱਬ ਕਰੇ,
ਉਹ ਹਰ ਟੱਬਰ ਵਿਚ,
ਸਭ ਨੂੰ ਧੀਆਂ ਪੁੱਤਰ ਦੇਵੇ ।
ਪਰ ਕਈ ਵਿਚਾਰੇ,
ਔਲਾਦ ਦੀ ਖ਼ਾਤਰ,
ਲਵਾਉਂਦੇ ਫਿਰਦੇ ਥਾਂ ਥਾਂ ਟੇਵੇ ।

ਮੰਦ ਭਾਗਣ ਕੋਈ,

ਧੀ ਕਿਸੇ ਦੀ,
ਜਦ ਮਰ ਜਾਂਦੀ 'ਚ ਪਰਦੇਸ ।
ਉਹਦੇ ਮਾਪਿਆਂ ਨੂੰ,
ਆਖ਼ਰੀ ਦਰਸ਼ਨ,
ਨਸੀਬ ਨਾ ਹੁੰਦਾ,
ਸੀਨੇ ਲਗਦੀ ਡਾਢੀ ਠੇਸ ।

14
'ਉਹਦੀ' ਗੱਲ ਤਾਂ,
ਓਹੀ ਜਾਣੇ,
ਪਤਾ ਨਹੀਂ ਧੀਆਂ,
ਰੱਬ ਕਿਉਂ ਬਣਾਈਆਂ?
ਕੋਈ ਨਾ ਚਾਹੁੰਦਾ,
ਇਹਨਾਂ ਧੀਆਂ ਨੂੰ,
ਬਿਨ ਚਾਹੇ ਹੀ,
ਇਹ ਜੱਗ 'ਤੇ ਆਈਆਂ ।

ਫਲਾਂ ਦੀ ਧੀ,
ਫਲਾਂ ਦੀ ਪਤਨੀ,
ਜਾਂ ਫਲਾਂ ਦੀ ਇਹ,
ਭੈਣ ਤੇ ਮਾਂ ਹੈ ।
ਕਦੇ ਪਿਉ ਦਾ,
ਕਦੇ ਪਤੀ ਦਾ,
ਇਹਦਾ ਤਾਂ ਆਪਣਾ,
ਨਾ ਕੋਈ ਨਾਂ ਹੈ ।
ਪੇਕਿਆਂ ਦੇ ਘਰ,
ਇਹੋ ਇਕ ਪ੍ਰਾਹੁਣੀ,
ਸਹੁਰਿਆਂ ਦੇ ਘਰ ਭੀ,
ਇਹਦਾ ਕੀ ਹੈ?
ਇਹ ਜੀਵਣ ਹੈ,
ਹਰ ਇਕ ਬੱਚੀ ਦਾ,
ਤੁਹਾਡੀ ਜਾਂ ਉਹ,



ਮੇਰੀ ਧੀ ਹੈ ।

ਰੱਬ ਕਰੇ,
ਹੋਵੇ ਉਮਰ ਲੰਮੇਰੀ,
ਹਸਦੀਆਂ ਖੇਡਦੀਆਂ,
ਰਹਿਣ ਇਹ ਧੀਆਂ ।
'ਭੱਜੀ' ਉਮਰ ਭੋਗ,
ਇਹਨਾਂ ਭੀ ਤੁਰ ਜਾਣਾ,
ਵਾਂਗ ਪੁੱਤਰਾਂ ਦੇ,
ਰੱਬ ਦਿਆਂ ਜੀਆਂ ।



## ਧੀ ਦੀ ਫ਼ਰਿਆਦ

ਚੁਪ ਚਾਪ ਸੀ,
ਸਾਰੇ ਬੈਠੇ,
ਮੈਂ ਜਿਸ ਦਿਨ,
ਇਸ ਘਰ ਆਈ ਨੀ ਮਾਏ ।
ਸੁਣਿਆ ਲੋਕਾਂ ਆ ਕੇ,
ਅਫ਼ਸੋਸ ਸੀ ਕੀਤਾ,
ਨਾ ਕਿਸੇ ਦਿੱਤੀ ਵਧਾਈ ਨੀ ਮਾਏ ।
ਥੋੜ੍ਹਾ ਬਹੁਤਾ,
ਦੁੱਧ ਪਾ ਮੂੰਹ ਵਿੱਚ ਮੇਰੇ,
ਇਕ ਖੂੰਜੇ ਮੰਜੀ 'ਤੇ ਪਾਈ ਨੀ ਮਾਏ ।

ਕਦੇ ਪਿਆਰ ਨਾਲ ਤੈਂ,
ਨਾ ਮੇਰੇ ਵੱਲ ਤਕਿਆ,
ਨਾ ਕਦੇ ਗਲ,
ਲਾਈ ਨੀ ਮਾਏ ।
ਬਚੇ-ਖੁਚੇ,
ਕੱਪੜਿਆਂ ਨੂੰ ਸੀਅ ਕੇ,
ਤੂੰ ਮੇਰੀ ਫਰਾਕ,
ਬਣਾਈ ਨੀ ਮਾਏ ।
ਫੇਰ ਭੀ,
ਮੈਂ ਉਹ ਨਾਲ ਖੁਸ਼ੀ ਦੇ,
ਗਲ ਆਪਣੇ ਵਿੱਚ,
ਪਾਈ ਨੀ ਮਾਏ ।

ਪਾਟੀਆਂ ਲੀਗਾਂ ਦੀ,



ਜੋ ਤੈਂ ਬਣਾਈ ਗੁੱਡੀ,
ਉਹ ਗੋਦ 'ਚ ਪਾ,
ਮੈਂ ਖਿਡਾਈ ਨੀ ਮਾਏ ।
"ਮੇਰੀ ਮਾਂ ਨੇ,
ਇਹ ਗੁੱਡੀ ਦਿੱਤੀ,"
ਹਰ ਇਕ ਨੂੰ ਚਾਅ ਨਾਲ,
ਮੈਂ ਦਿਖਾਈ ਨੀ ਮਾਏ ।

ਮਿੰਨਤਾਂ ਕੀਤੀਆਂ,
ਮੈਂ ਤੇਰੀਆਂ ਲੱਖਾਂ,
ਨਾ ਸਕੂਲ 'ਚ ਮੈਨੂੰ ਪਾਇਆ ਨੀ ਮਾਏ ।
ਪੜ੍ਹਨ ਲਾ ਦਿੱਤਾ,
ਤੁਸਾਂ ਨਿੱਕੇ ਵੀਰ ਨੂੰ,
ਨਾ ਮੈਨੂੰ ਤੁਸਾਂ ਪੜ੍ਹਾਇਆ ਨੀ ਮਾਏ ।

ਹੱਸਣ ਖੇਡਣ ਦੀ,
ਜੋ ਉਮਰ ਸੀ ਮੇਰੀ,
ਉਹ ਕੰਮਾਂ ਵਿੱਚ ਬਿਤਾਈ ਨੀ ਮਾਏ ।
ਕਿਸੇ ਗੱਲ ਦਾ,
ਦੱਸ ਮਾਣ ਮੈਂ ਕਰਦੀ,
ਸਦਾ ਰੱਖਿਆ ਸਿਰ ਮੈਂ
ਝੁਕਾਈ ਨੀ ਮਾਏ ।
ਮੈਨੂੰ ਵਧਦੀ ਦੇਖ,
ਤੈਨੂੰ ਹੌਲ ਸੀ ਪੈਂਦੇ,
ਰਾਤਾਂ ਦੀ ਨੀਂਦ,
ਗਵਾਈ ਨੀ ਮਾਏ ।
ਮੁਫਤੋ-ਮੁਫਤੀ,
ਘਰੋਂ ਕੱਢਣ ਲਈ,
ਇਹ ਬੁੱਢੜੇ ਦੇ ਲੜ,
ਲਾਈ ਨੀ ਮਾਏ ।

ਲੋਕ ਚਾਹੇ ਮੈਨੂੰ,
ਕੁਝ ਭੀ ਕਹਿੰਦੇ,
ਮੈਨੂੰ ਇਸਦਾ ਫ਼ਿਕਰ ਨਾ,
ਕਾਈ ਨੀ ਮਾਏ ।
ਕਿਉਂ ਭੁਲ ਗਈ,
ਤੂੰ ਐਨੀ ਛੇਤੀ,
ਤੂੰ ਭੀ ਕਿਸੇ ਦੀ,
ਜਾਈ ਨੀ ਮਾਏ ।

ਜਿੰਨੇ ਚਾਅ ਲਾਡ,
ਤੈਂ ਵੀਰ ਦੇ ਕੀਤੇ,
ਜੇ ਕਰ ਲੈਂਦੀ ਥੋੜ੍ਹੇ,
ਮੇਰੇ ਭੀ ਮਾਏ ।
ਧਰਵਾਸ ਰਹਿੰਦਾ,
ਥੋੜ੍ਹਾ ਜਿਹਾ ਮੈਨੂੰ ਭੀ,
ਲੰਘ ਜਾਂਦੇ,
ਸੌਖੇ ਦਿਨ,
ਤੇਰੇ ਭੀ ਮਾਏ ।

ਮਾਪਿਆਂ ਦੇ ਘਰ,
ਜਿਹਨੂੰ ਸੁਖ ਨਾ ਮਿਲਿਆ,
ਸਹੁਰੇ ਘਰ ਕਿਥੋਂ,
ਮਿਲਣਾ ਨੀ ਮਾਏ ।
ਸੜ ਗਿਆ ਬੂਟਾ,
ਜੋ ਉੱਗਣ ਤੋਂ ਪਹਿਲਾਂ,
ਉਸ ਫੇਰ ਕਦ,
ਖਿਲਣਾ ਨੀ ਮਾਏ ।

ਹੱਸਕੇ ਮੈਂ,
ਜ਼ਹਿਰ ਭੀ ਪੀ ਲੈਂਦੀ,
ਜੇ ਤੂੰ ਦੇ ਦੇਂਦੀ,
ਨਾਲ ਪਿਆਰ ਨੀ ਮਾਏ ।



ਇਸ ਬੇਰੁੱਖੀ ਨਾਲੋਂ,
ਤਾਂ ਚੰਗਾ ਹੁੰਦਾ,
ਜੇਕਰ ਨਿੱਕੀ ਹੁੰਦੀ ਨੂੰ,
ਤੂੰ ਦੇਂਦੀ,
ਮੈਨੂੰ ਮਾਰ ਨੀ ਮਾਏ ।
'ਭੱਜੀ' ਕਾਹਦਾ ਉਹਨਾਂ ਦਾ,
ਇਸ ਜੱਗ ਤੇ ਆਉਣਾ,
ਜਿਹਨਾਂ ਧੀਆਂ ਨੂੰ ਨਾ ਮਿਲਿਆ
ਆਪਣੀ ਹੀ ਮਾਂ ਦਾ,
ਪਿਆਰ ਨੀ ਮਾਏ ।



## ਪਰਦੇਸਣ ਧੀ ਦੀ ਚਿੱਠੀ
(ਪਰਦੇਸੀ ਵੱਸਦੀਆਂ ਧੀਆਂ ਦੇ ਨਾਂ)

1
ਮੈਂ ਕਿੰਜ ਲਿਖਾਂ,
"ਮੇਰੇ ਪਿਆਰੇ ਬਾਪੂ,"
ਤੁਸਾਂ ਕਦੇ ਨਾ ਕੀਤਾ,
ਮੈਨੂੰ ਪਿਆਰ ਬਾਪੂ ।
ਧੀ ਕਹਿ ਤੁਸੀਂ,
ਛਾਤੀ ਨਾਲ ਲਾ ਸਕਦੇ,
ਕਦੇ ਬਣਿਆ ਨਾ,
ਇਹ ਮੇਰਾ ਮਿਆਰ ਬਾਪੂ ।
ਕਰਨੀ ਕਬੂਲ,
ਇਕ ਪਰਦੇਸਣ ਧੀ ਦੀ,
ਭੇਜੀ ਹੋਈ ਸਤਿ ਸ੍ਰੀ ਅਕਾਲ ਬਾਪੂ ।
ਕੋਈ ਖ਼ਤ ਖ਼ਬਰ,
ਨਾ ਆਈ ਤੁਹਾਡੀ,
ਲੰਘ ਗਿਆ,
ਇੰਜ ਹੀ ਪੂਰਾ ਸਾਲ ਬਾਪੂ ।

ਇਕ ਖ਼ਤ ਤੁਹਾਨੂੰ,
ਜ਼ਰੂਰ ਲਿਖਾਂ ਮੈਂ,
ਇਹ ਦਿਲ ਮੇਰੇ ਵਿਚ,
ਅੱਜ ਆਇਆ ਬਾਪੂ ।
ਐਵੇਂ ਕੋਈ,
ਫ਼ਿਕਰ ਨਾ ਕਰਿਓ,



ਸਵਾਲ ਨਹੀਂ ਕੋਈ,
ਮੈਂ ਪਾਇਆ ਬਾਪੂ ।
ਇਹ ਮੇਰਾ ਤੁਹਾਨੂੰ,
ਆਖ਼ਰੀ ਖ਼ਤ ਹੈ,
ਤੁਹਾਥੋਂ ਕੁਛ ਨਹੀਂ,
ਮੈਂ ਲੁਕਾਇਆ ਬਾਪੂ ।
ਦਿਲ ਮੇਰੇ 'ਤੇ,
ਜ਼ਖ਼ਮ ਨੇ ਕਿੰਨੇ,
ਸਿਰਫ਼ ਦਿਲ ਖੋਲ੍ਹ,
ਮੈਂ ਦਿਖਾਇਆ ਬਾਪੂ ।

2
ਮੈਂ ਸੁਣਿਆ,
ਪੱਚੀ ਵਰ੍ਹੇ ਪਹਿਲਾਂ,
ਜਦੋਂ ਇਸ ਘਰ ਵਿਚ ਸੀ,
ਮੈਂ ਆਈ ਬਾਪੂ ।
ਕਈ ਦਿਨ,
ਵਿਚ ਅਫ਼ਸੋਸ ਦੇ,
ਰੋਟੀ ਨਹੀਂ ਸੀ,
ਤੁਸੀਂ ਖਾਈ ਬਾਪੂ ।
ਮੈਨੂੰ ਨਾ ਆਪਣਾ,
ਦੁੱਧ ਪਿਆਇਆ
ਮੂੰਹ ਵੱਟੀ ਰਖਿਆ,
ਸਾਡੀ ਮਾਈ ਬਾਪੂ ।
"ਚੰਗਾ ਹੋਇਆ,
ਕੁੜੀ ਹੋਈ ਸ਼ਰੀਕਾਂ ਦੇ."
ਸਿਰਫ਼ ਖ਼ੁਸ਼ ਸੀ,
ਸਾਡੀ ਤਾਈ ਬਾਪੂ ।

ਮੇਰੇ ਆਉਣ ਦੇ,
ਗ਼ਮ 'ਚ ਰੋਂਦੀ ਰੋਂਦੀ,
ਮਾਂ ਮੇਰੀ ਮਰ ਗਈ ਸੀ ਬਾਪੂ ।

ਜਦੋਂ ਥੋਹੜੇ ਮੈਂ,
ਹੋਸ਼ ਸੰਭਾਲੇ,
ਉਹ ਹਵਾਲੇ ਮਤਰੇਈ ਦੇ,
ਮੈਨੂੰ ਕਰ ਗਈ ਸੀ ਬਾਪੂ ।
ਥੋੜ੍ਹਾ ਪਿਆਰ ਮੈਨੂੰ,
ਮਿਲਿਆ ਦਾਦੀ ਕੋਲੋਂ,
ਪਰ ਛੇਤੀ ਕਰ ਲਈ,
ਉਸ ਤਿਆਰੀ ਬਾਪੂ ।
ਦੁੱਖੀ ਹੋ ਕੇ,
ਮਾਸੀ ਦੇ ਹੱਥੋਂ,
ਛੇਤੀ ਹੋ ਗਈ,
ਉਹ ਰੱਬ ਨੂੰ ਪਿਆਰੀ ਬਾਪੂ ।

3

ਘਰ ਜਦੋਂ ਫਿਰ,
ਵੀਰ ਜੰਮਿਆ,
ਖ਼ੁਸ਼ ਉਸ ਦਿਨ ਸੀ ਤੁਸੀਂ ਸਾਰੇ ਬਾਪੂ
ਚਾਰ ਸਾਲ ਦੀ ਮੈਂ,
ਮਸਾਂ ਉਦੋਂ ਸਾਂ,
ਜਦੋਂ ਲਾਇਆ ਮੈਨੂੰ ਕੰਮ ਕਾਰੇ ਬਾਪੂ ।

ਹੌਲੀ ਹੌਲੀ,
ਡਰਦੀ ਡਰਦੀ,
ਇਸ ਘਰ ਵਿਚ,
ਮੈਂ ਜਵਾਨ ਹੋਈ ਬਾਪੂ ।
ਸਹਿ ਲਏ,
ਸਿਤਮ ਮੈਂ ਬੁੱਲ੍ਹ ਸੀ ਆਪਣੇ,
ਕਦੇ ਜੀ ਭਰਕੇ,
ਮੈਂ ਨਾ ਰੋਈ ਬਾਪੂ ।

ਚੌਥੀ ਵਿਚੋਂ ਹੀ,
ਹਟਾ ਲਿਆ ਮੈਨੂੰ,



ਨਾ ਅਗਾਂਹ ਤੁਸਾਂ,
ਪੜ੍ਹਨਾ ਪਾਇਆ ਬਾਪੂ ।
"ਪੜ੍ਹ ਲਿਖ ਕੇ,
ਇਹ ਕੀ ਕਰੂਗੀ,"
ਕਹਿੰਦੇ ਖ਼ੁਸ਼ ਨਹੀਂ ਸੀ,
ਸਾਡਾ ਤਾਇਆ ਬਾਪੂ ।

ਮਾਸੀ ਜਿਹਨਾਂ ਨੂੰ,
ਹੰਢਾ ਚੁੱਕੀ ਸੀ,
ਤੇ ਸਨ ਉਹਨੂੰ ਜੋ ਭੀੜੇ ਬਾਪੂ ।
ਕੱਟ ਵੱਢ ਕੇ,
ਉਹ ਮੇਰੇ ਗਲ ਪਾਏ,
ਹੰਢਾ ਲਏ ਮੈਂ,
ਉਹ ਲੀੜੇ ਬਾਪੂ ।

ਦਿਨ ਖੜ੍ਹੇ ਹੀ,
ਝੱਟ ਅੰਦਰ ਲੁਕ ਗਈ,
ਬਾਹਰ ਪੈ ਨਾ ਜਾਣ,
ਕਿਤੇ ਸ਼ਾਮਾਂ ਬਾਪੂ ।
ਜਵਾਨ ਧੀ,
ਜੇ ਕਿਸੇ ਬਾਹਰ ਦੇਖ ਲਈ,
ਆਵੇ ਨਾ ਤੁਹਾਨੂੰ,
ਕਿਤੇ ਉਲ੍ਹਾਮਾ ਬਾਪੂ ।
ਪਤਾ ਨਹੀਂ,
ਕੋਈ ਕੀ ਸਮਝ ਲਏ,
ਨਹੀਂ ਮਿਲਾਈਆਂ
ਕਿਸੇ ਨਾਲ ਅੱਖੀਆਂ ਬਾਪੂ ।
ਤੁਰਦੀ ਹੋਈ ਨੇ,
ਪਿੰਡ ਦੀਆਂ ਗਲੀਆਂ ਵਿੱਚ,
ਸਦਾ ਜ਼ਮੀਨ 'ਚ,
ਉਹ ਗੱਡ ਰੱਖੀਆਂ ਬਾਪੂ ।

4
ਲੋਕ ਕਹਿਣ,
ਧੀਆਂ ਫੁੱਲ ਨੇ ਹੁੰਦੀਆਂ,
ਪਰ ਇਹ ਫੁੱਲ ਹੁੰਦਾ,
ਸਭ ਤੋਂ,
ਵੱਖ ਹੈ ਬਾਪੂ ।
ਕਲੀ ਇਹਦੀ,
ਜਦੋਂ ਖਿਲਣ ਹੈ ਲਗਦੀ,
ਹਰ ਕੋਈ ਰੱਖਦਾ,
ਇਸ ਉੱਤੇ,
ਅੱਖ ਹੈ ਬਾਪੂ ।
ਅਣਗਹਿਲੀ,
ਜੇ ਮਾਲੀ ਕਰ ਜਾਏ,
ਭੌਰੇ ਜਾਂਦੇ ਇਹਨੂੰ,
ਚੱਖ ਹੈ ਬਾਪੂ ।
ਖਿੜਿਆ ਫੁੱਲ,
ਭੇਂਟ ਕਰਨਾ ਪੈਂਦਾ,
ਨਾ ਕੋਈ ਸਕਿਆ ਇਹਨੂੰ,
ਰੱਖ ਹੈ ਬਾਪੂ ।

ਪਰ ਮੈਨੂੰ ਕਿਸੇ ਨਾ,
ਫੁੱਲ ਸਮਝਿਆ,
ਬਣ ਕੇ ਉੱਗੀ ਥੋਰ੍ਹ ਮੈਂ ਬਾਪੂ ।
ਦਿਲ ਤੁਹਾਡੇ ਤੋਂ,
ਕੀ ਹੈ ਲੁਕਿਆ,
ਕੀ ਲਿਖਾਂ ਹੁਣ ਹੋਰ ਮੈਂ ਬਾਪੂ ।

5
ਖੁਸਰ ਫੁਸਰ,
ਮੈਂ ਨਿੱਤ ਸੁਣਦੀ ਸੀ,
ਮਾਸੀ ਕਰਦੀ ਹੁੰਦੀ,



ਜ਼ਿਕਰ ਇਹ ਬਾਪੂ ।
ਮੇਰੇ ਹੱਥ,
ਕਿਵੇਂ ਪੀਲੇ ਕਰਨੇ,
ਰਹਿੰਦਾ ਤੁਹਾਨੂੰ ਸਦਾ,
ਫ਼ਿਕਰ ਇਹ ਬਾਪੂ ।

ਕਈ ਜਗ੍ਹਾ,
ਗੱਲ ਤੁਸਾਂ ਚਲਾਈ,
ਪਰ ਸਿਰੇ ਕਿਤੇ ਨਾ,
ਉਹ ਚੜ੍ਹੀ ਬਾਪੂ ।
ਕਿਤੇ ਪੈ ਗਿਆ,
ਦਾਜ ਦਾ ਰੌਲ਼ਾ,
ਕਿਤੇ ਆ,
ਮਾਸੀ ਅੜੀ ਬਾਪੂ ।

ਆਂਢੀ-ਗੁਆਂਢੀ,
ਦੇਣ ਲੱਗ ਪਏ ਮੇਹਣੇ,
ਧੀ ਨਹੀਂ ਇਹਨਾਂ,
ਕਦੇ ਵਿਆਹੁਣੀ ਬਾਪੂ ।
ਜਿਸ ਦਿਨ,
ਢੁੱਕੂ ਬਰਾਤ ਇਹਨਾਂ ਦੇ,
ਉਹ ਘੜੀ ਨਹੀਂ,
ਕਦੇ ਆਉਣੀ ਬਾਪੂ ।
ਇੰਜ ਲਗਦਾ ਸੀ,
ਮੈਨੂੰ ਉਸ ਵੇਲੇ,
ਤੁਹਾਡੇ 'ਤੇ,
ਮੈਂ ਭਾਰ ਸੀ ਬਾਪੂ ।
ਖ਼ਤਮ ਹੋ ਜਾਵਾਂ,
ਖੁਦ ਖੂਹ ਵਿਚ ਡਿਗ ਕੇ,
ਸੋਚਿਆ ਇਹ ਕਈ;
ਮੈਂ ਵਾਰ ਸੀ ਬਾਪੂ ।

ਯਾਦ ਨਹੀਂ,
ਤੁਸਾਂ ਕਦੇ ਪਿਆਰ ਦੀ,
ਕੀਤੇ ਹੋਵੇ ਨਾਲ,
ਮੇਰੇ ਗੱਲ ਬਾਪੂ ।
ਸਹਿਮ ਜਾਂਦੀ ਸਾਂ,
ਮੈਂ ਨਾਲ ਡਰ ਦੇ,
ਜਦ ਭੀ ਤਕਿਆ ਤੁਸਾਂ,
ਮੇਰੇ ਵੱਲ ਬਾਪੂ ।

ਗੱਲ ਆਪਣੇ ਦਿਲ ਦੀ,
ਮੈਂ ਕਿਸ ਨਾਲ ਕਰਦੀ,
ਮੈਂ ਰਾਤਾਂ ਕੱਟੀਆਂ,
ਜਾਗ ਸੀ ਬਾਪੂ ।
ਝੱਲ ਗਈ,
ਸਭ ਮੈਂ ਆਪਣੇ ਸਿਰ 'ਤੇ,
ਨਹੀਂ ਲਗਣ ਦਿੱਤਾ ਤੈਨੂੰ,
ਦਾਗ਼ ਸੀ ਬਾਪੂ ।

6
ਫੇਰ ਇਕ ਦਿਨ ਪਤਾ,
ਮੈਨੂੰ ਇਹ ਲੱਗਾ,
ਅਮਰੀਕਾ ਤੋਂ,
ਕੋਈ ਆਇਆ ਬਾਪੂ ।

ਉਹ ਭਾਵੇਂ ਸੀ,
ਤੁਹਾਡਾ ਹਾਣੀ,
ਪਰ ਲੜ ਦੁਹਾਜੂ ਦੇ,
ਤੁਸਾਂ ਲਾਇਆ ਬਾਪੂ ।

ਕਿਸੇ ਨਾ ਪੁਛਿਆ,
ਮੇਰੇ ਕੋਲੋਂ,
ਮੈਨੂੰ ਡੋਲੀ ਪਾਇਆ ਬਾਪੂ ।



ਬਚਾ ਕੇ,
ਕੁਛ ਤੁਸਾਂ,
ਦਾਜ ਦੇ ਪੈਸੇ,
ਆਪਣਾ ਫਰਜ਼ ਨਿਭਾਇਆ ਬਾਪੂ ।

"ਇਹ ਧੀਏ,
ਹੁਣ ਘਰ ਨਹੀਂ ਤੇਰਾ,"
ਤੁਸਾਂ ਤੁਰਨ ਲਗੀ ਨੂੰ ਦਿੱਤੀ,
ਮੈਨੂੰ ਸਿਖਿਆ ਬਾਪੂ ।
ਸਿਰ ਨੀਵਾਂ ਕਰ,
ਮੈਂ ਕਬੂਲ ਕਰ ਲਿਆ,
ਜੋ ਕਿਸਮਤ ਵਿੱਚ,
ਮੇਰੇ ਲਿਖਿਆ ਬਾਪੂ ।

7
ਲਗਦਾ ਸੀ,
ਚਲੋ ਵਿਆਹ ਕਰਵਾ ਕੇ,
ਦਿਨ ਮੇਰੇ,
ਫਿਰ ਜਾਣਗੇ ਬਾਪੂ ।
ਪਤਾ ਨਹੀਂ ਸੀ,
ਇਹ ਪਲ ਵਿਛੋੜੇ ਦੇ,
ਟੁੱਕ ਟੁੱਕ ਕੇ,
ਮੈਨੂੰ ਖਾਣਗੇ ਬਾਪੂ ।

ਹਾਲੇ ਨਹੀਂ ਸੀ,
ਲੱਥੀ ਹੱਥਾਂ ਤੋਂ ਮਹਿੰਦੀ,
ਕਰ ਉਹ ਮੈਨੂੰ,
ਔਡ ਗਿਆ ਬਾਪੂ ।
ਛੇਤੀ ਇਹ ਬੱਸ,
ਵਿਆਹ ਦੇ ਮਗਰੋਂ,
ਉਹ ਸਹੁਰੀਂ ਕੱਲੀ,
ਛੱਡ ਗਿਆ ਬਾਪੂ ।

ਰੋਂਦੀ ਰੋਂਦੀ ਦਾ,
ਸਾਰਾ ਘੁਲ ਗਿਆ
ਅੱਖਾਂ ਮੇਰੀਆਂ ਦਾ,
ਕਜਲਾ ਬਾਪੂ ।
ਛੇਤੀ ਹੀ ਮੇਰੇ 'ਤੇ,
ਡਿੱਗਣ ਲਗ ਪਿਆ,
ਸੱਸ ਮੇਰੀ ਦਾ,
ਨਜਲਾ ਬਾਪੂ ।

ਰਹਿੰਦੇ ਹੋਏ,
ਪੰਜਾਹ ਮੀਲਾਂ 'ਤੇ,
ਤੁਸਾਂ ਉੱਕਾ ਹੀ,
ਭੁਲਾ ਦਿੱਤਾ ਬਾਪੂ ।
ਰਹਿੰਦੀ ਖੂੰਹਦੀ,
ਘਰ ਦਿਆਂ ਕੰਮਾਂ,
ਮੈਨੂੰ ਉਥੇ,
ਰੁਲਾ ਦਿੱਤਾ ਬਾਪੂ ।
ਸੱਸ ਮੇਰੀ,
ਨਿੱਕੀ ਨਿੱਕੀ ਗੱਲ ਤੋਂ,
ਕੱਢਦੀ ਰਹਿੰਦੀ ਗਾਲਾਂ ਸੀ ਬਾਪੂ ।
ਇੰਜ ਹੀ ਉਥੇ,
ਦਿਨ ਸੀ ਚੜ੍ਹਦਾ,
ਇੰਜੀ ਹੀ ਪੈਂਦੀਆਂ
ਤਰਕਾਲਾਂ ਸੀ ਬਾਪੂ ।
ਰੋਟੀ ਪਕਾ,
ਹੱਕ ਨਹੀਂ ਸੀ ਮੈਨੂੰ,
ਆਪਣੇ ਲਈ,
ਪਾ ਸਕਾਂ ਮੈਂ ਬਾਪੂ ।
ਮਜਾਲ ਭਲਾ,
ਕੀ ਸੀ ਮੇਰੀ,
ਇਜਾਜ਼ਤ ਤੋਂ ਬਿਨਾਂ,
ਖਾ ਸਕਾਂ ਮੈਂ ਬਾਪੂ ।



ਅਖਵਾਉਂਦੇ ਹੋ,
ਤੁਸੀਂ ਜਗੀਰਦਾਰ ਖੁਦ ਨੂੰ,
ਉਹ ਸੱਦਦੀ ਤੁਹਾਨੂੰ,
ਕੰਜਰ ਸੀ ਬਾਪੂ ।
ਹੱਥ ਕੰਨਾਂ 'ਤੇ,
ਮੈਂ ਧਰ ਲੈਂਦੀ,
ਪਰ ਸੀਨੇ ਚੁੱਭਦਾ,
ਖੰਜਰ ਸੀ ਬਾਪੂ ।

8

ਉਡੀਕਦੀ ਉਡੀਕਦੀ ਨੂੰ,
ਸਹੁਰੀਂ ਘਰ ਬੈਠੇ,
ਜਦੋਂ ਸਾਲ ਚੜ੍ਹ ਗਿਆ ਤੀਜਾ ਬਾਪੂ ।
ਆਖ਼ਿਰ ਇਕ ਦਿਨ,
ਚਿੱਠੀ ਆਈ,
ਲੱਗ ਗਿਆ ਮੈਨੂੰ ਵੀਜ਼ਾ ਬਾਪੂ ।

ਜਹਾਜ਼ ਜਦੋਂ ਤੁਸੀਂ,
ਚਾੜ੍ਹਨ ਆਏ,
ਬੜੇ ਖ਼ੁਸ਼ ਸੀ ਸਾਰੇ ਬਾਪੂ ।
"ਧੀ ਚਲੀ ਸਾਡੀ ਅਮਰੀਕਾ,"
ਹੋ ਜਾਣਗੇ ਵਾਰੇ ਨਿਆਰੇ ਬਾਪੂ ।
"ਖਿਆਲ ਰੱਖੀਂ ਤੂੰ ਭਰਾ ਭੈਣ ਦਾ,"
ਜੋ ਸੀ ਤੁਹਾਨੂੰ ਪਿਆਰੇ ਬਾਪੂ ।

ਜਹਾਜ਼ ਜਦੋਂ,
ਮੈਂ ਚੜ੍ਹਨ ਲੱਗੀ ਸਾਂ,
ਸੋਚਿਆ ਦੁੱਖ ਪਿੱਛੇ,
ਮੇਰੇ ਰਹਿ ਗਏ ਬਾਪੂ ।
ਪਰ ਕੀ ਪਤਾ ਸੀ,
ਉਹ ਬਿਨਾਂ ਟਿਕਟ ਤੋਂ,
ਨਾਲ ਹੀ,

ਮੇਰੇ ਬਹਿ ਗਏ ਬਾਪੂ ।

9

ਪਹੁੰਚੀ ਜਦੋਂ ਇੱਥੇ,
ਪਤਾ ਮੈਨੂੰ ਲੱਗਾ,
ਉਹ ਖੁਦ ਲੈਣ ਨਾ ਆਇਆ ਬਾਪੂ ।
ਭੇਜ ਦਿੱਤਾ,
ਇਕ ਦੋਸਤ ਆਪਣਾ,
ਬਹਾਨਾ ਉਸ ਕੰਮ ਦਾ ਬਣਾਇਆ ਬਾਪੂ ।
ਰੁਝਿਆ ਹੋਇਆ ਸੀ,
ਉਹ ਐਨਾ ਖੁਦ ਵਿੱਚ,
ਮੇਰੀ ਲਈ ਨਹੀਂ,
ਉਹਨੂੰ ਵਿਹਲ ਸੀ ਬਾਪੂ ।
ਮੈਂ ਬੈਠੀ ਸਾਂ,
ਜਦੋਂ ਉਹਦੇ ਦੋਸਤ ਦੇ ਘਰ,
ਰਿਹਾ ਸਹੇਲੀਆਂ ਨਾਲ,
ਉਹ ਖੇਲ੍ਹ ਸੀ ਬਾਪੂ ।

ਆਉਂਦੇ ਸਾਰ ਹੀ,
ਮੈਨੂੰ ਪਤਾ ਲੱਗ ਗਿਆ,
ਜਵਾਈ ਤੁਹਾਡਾ ਸੀ ਸ਼ਰਾਬੀ ਬਾਪੂ ।
ਇਕ ਦੋ ਸੀ,
ਉਹਦੀਆਂ ਸਹੇਲੀਆਂ,
ਨਹੀਂ ਹੋਰ ਕੋਈ ਸੀ ਖ਼ਰਾਬੀ ਬਾਪੂ ।

ਕੁਛ ਦਿਨਾਂ ਦੇ,
ਮਗਰੋਂ ਹੀ,
ਹੋਣ ਲੱਗ ਪਿਆ,
ਮੇਰਾ ਨਿਤ ਕੁਟਾਪਾ ਬਾਪੂ ।
ਰੋਜ਼ ਰਾਤ ਨੂੰ,
ਦੇਰ ਨਾਲ ਆ ਕੇ,
ਕਰਦਾ ਰਹਿੰਦਾ,



ਮੇਰਾ ਨਿੱਤ ਸਿਆਪਾ ਬਾਪੂ ।

ਗੋਲੀਆਂ ਵਾਂਗ ਕਰ,
ਘਰ ਕੰਮ ਇਹਦੇ,
ਮਿਲਦੇ ਸਨ,
ਮੈਨੂੰ ਜੂਠੇ ਟੁਕੜੇ ਬਾਪੂ ।
ਕੌਣ ਸੀ ਮੇਰਾ,
ਵਿਚ ਪਰਦੇਸ,
ਜਿਸ ਕੋਲ ਰੋਂਦੀ,
ਮੈਂ ਆਪਣੇ ਦੁਖੜੇ ਬਾਪੂ ।

ਸਾਰਾ ਦਿਨ,
ਰਹੀ ਕੈਦ ਮੈਂ ਘਰ ਵਿੱਚ,
ਨਹੀਂ ਗੁਆਂਢੀਆਂ ਦੇ ਭੀ,
ਮੈਂ ਜਾ ਸਕਦੀ ਸੀ ਬਾਪੂ ।
ਕਿਤੇ ਨਾ,
ਇਕ ਭੀ ਉਹਨੇ ਡਾਲਰ ਦਿੱਤ
ਖ਼ਤ ਭੀ ਨਹੀਂ,
ਮੈਂ ਪਾ ਸਕਦੀ ਸੀ ਬਾਪੂ ।

10

ਸ਼ਕਲ ਤੋਂ ਭਾਵੇਂ,
ਸ਼ਰੀਫ ਉਹ ਲੱਗੇ,
ਪਰ ਲਗਦਾ ਨਹੀਂ ਮੈਨੂੰ,
ਇਨਸਾਨ ਇਹ ਬਾਪੂ ।
ਹਰ ਗੱਲ 'ਤੇ,
ਮੈਨੂੰ ਅਮਰੀਕਾ ਲਿਆਉਣ ਦਾ,
ਯਾਦ ਦਿਵਾਉਂਦਾ,
ਅਹਿਸਾਨ ਇਹ ਬਾਪੂ ।

ਸ਼ਰਾਬ ਪੀ ਕੇ,
ਜਦ ਘਰ ਵਿਚ ਆਉਂਦਾ,

ਜਾਨ ਮੇਰੀ,
ਤਰਾਹ ਤਰਾਹ ਕਰਦੀ ਬਾਪੂ ।
ਸਾਰੇ ਪਿੰਡੇ ਨੂੰ,
ਛਿੜ ਜਾਂਦਾ ਕਾਂਬਾ,
ਮੈਂ ਰਾਤਾਂ ਕੱਟੀਆਂ ਡਰਦੀ ਬਾਪੂ ।

ਜਿਸ ਵੇਲੇ,
ਉਹ ਘਰ ਨਾ ਹੋਵੇ,
ਉਦੋਂ ਡਰ ਮੈਨੂੰ,
ਗ਼ੈਰਾਂ ਦਾ ਬਾਪੂ ।
ਇੱਜ਼ਤ,
ਇੱਥੇ ਨਿੱਤ ਲੁੱਟਦੀ ਹੈ,
ਤੁਹਾਨੂੰ ਪਤਾ ਨਹੀਂ,
ਇਹਨਾਂ ਗ਼ੈਰਾਂ ਦਾ ਬਾਪੂ ।

11

ਇਸੇ ਹੀ,
ਰਾਮ ਰੌਲੇ ਦੇ ਅੰਦਰ,
ਹੋ ਗਈ,
ਮੇਰੀ ਧੀ ਸੀ ਬਾਪੂ ।
ਡਰਦਿਆਂ ਤੁਹਾਨੂੰ,
ਖ਼ਤ ਨਾ ਪਾਇਆ,
ਇਹ ਅਣਚਾਹਿਆ,
ਇਕ ਜੀ ਸੀ ਬਾਪੂ ।

ਬੱਸ,
ਇਸ ਦੇ ਮਗਰੋਂ,
ਕੀ ਕੁਛ ਮੈਨੂੰ,
ਉਹ ਕਹਿਣ ਲੱਗ ਪਿਆ ਬਾਪੂ ।
ਮੈਨੂੰ ਛੱਡ,
ਗੋਰੀ ਦੇ ਘਰ,
ਰਾਤਾਂ ਨੂੰ ਭੀ,



ਉਹ ਰਹਿਣ ਲੱਗ ਪਿਆ ਬਾਪੂ ।

ਉਹ ਕਹਿੰਦਾ,
'ਇਹ ਮੇਰੀ ਧੀ ਨਹੀਂ,'
ਨਾ ਉਹਨੂੰ ਕਦੇ,
ਉਹ ਬੁਲਾਉਂਦਾ ਬਾਪੂ ।
ਮੇਰੀ ਧੀ,
ਡਰ ਲੁਕ ਹੈ ਜਾਂਦੀ,
ਘਰ ਜੇ ਕਦੇ,
ਉਹ ਆਉਂਦਾ ਬਾਪੂ ।

ਵਿਆਹ ਤੋਂ ਲੈ,
ਅੱਜ ਤਾਈਂ ਮੈਂ,
ਖਾਧੀਆਂ ਬਹੁਤ ਹੀ ਜੁੱਤੀਆਂ ਬਾਪੂ ।
ਕਈ ਵਾਰ,
ਅਸੀਂ ਮਾਵਾਂ ਧੀਆਂ,
ਢਿੱਡੋਂ ਭੁੱਖੀਆਂ ਸੁੱਤੀਆਂ ਬਾਪੂ ।

ਤੁਸੀਂ ਆਖੋਗੇ,
ਧੀ ਸਾਡੀ ਸੁਰਗਾਂ ਵਿੱਚ,
ਪਰ ਮੈਨੂੰ ਲਗਦਾ,
ਇਹ ਨਰਕ ਹੈ ਬਾਪੂ ।
ਇਸ ਤੋਂ ਮਾੜਾ,
ਭਲਾ ਹੋਰ ਕੀ ਹੋਏਗਾ,
ਨਹੀਂ ਮੈਨੂੰ ਲਗਦਾ,
ਕੋਈ ਫ਼ਰਕ ਹੈ ਬਾਪੂ ।

12

ਕਹਿੰਦਾ,
'ਵਿਹਲੜ ਪਈ ਤੂੰ,
ਰੋਟੀਆਂ ਪਾੜੇ'
ਕੰਮ ਕਿਉਂ ਨਾ ਕਰਦੀ ਬਾਪੂ ।

ਜੋ ਕੰਮ ਮਿਲਿਆ,
ਫੇਰ ਮੈਂ ਕੀਤਾ,
ਉਹਦੇ ਕੋਲੋਂ ਡਰਦੀ ਬਾਪੂ ।

ਧੀ ਜਗੀਰਦਾਰਾਂ ਦੀ ਨੇ,
ਆਪਣੇ ਹੱਥਾਂ ਵਿੱਚ,
ਫੇਰ ਫੜ ਲਿਆ ਝਾੜੂ ਬਾਪੂ ।
ਘਰ ਲੋਕਾਂ ਦੇ,
ਸਾਫ਼ ਮੈਂ ਕੀਤੇ,
ਨਾਲੇ ਤੋੜੇ ਆੜੂ ਬਾਪੂ ।

ਕਿਤੇ ਚੁੱਗੀਆਂ ਮੈਂ,
ਜੜ੍ਹਾਂ ਬਹਿ ਸੁੱਕੀਆਂ,
ਕਦੇ ਚੁੱਗੇ ਬਦਾਮ ਹੈ ਬਾਪੂ ।
ਇਹੋ ਜਿਹੇ,
ਕੰਮ ਸਭ ਨੇ ਕਰਦੇ,
ਇਥੇ ਬੰਦੇ ਆਮ ਹੈ ਬਾਪੂ ।

ਦੋ ਦੋ ਸ਼ਿਫਟਾਂ,
ਕੰਮ ਮੈਂ ਕਰਕੇ,
ਚੈੱਕ ਉਹਦੇ ਹੱਥ ਫੜਾਇਆ ਬਾਪੂ ।
ਉਸ ਪਿਉ ਦੇ ਪੁੱਤ ਨੇ,
ਉਹ ਸਾਰੇ ਦਾ ਸਾਰਾ,
ਸ਼ਰਾਬ ਦੇ ਉੱਤੇ ਲਾਇਆ ਬਾਪੂ ।

ਜਿਸਨੂੰ ਇਹ,
ਪਿਨਸ਼ਨ ਹੈ ਕਹਿੰਦਾ,
ਉਹ ਪੈਨਸ਼ਨ ਨਹੀਂ ਖੈਰਾਤ ਹੈ ਬਾਪੂ ।
ਦੋਹਾਂ ਦੇ ਵਿੱਚ,
ਫ਼ਰਕ ਬੜਾ ਹੈ,
ਸਮਝ ਆ ਗਈ,
ਮੈਨੂੰ ਇਹ ਬਾਤ ਹੈ ਬਾਪੂ ।



ਤੇਤੀਆਂ ਨਾਲ,
ਇਹ ਜ਼ਰਬ ਨੂੰ ਦੇ ਕੇ,
ਗਿਣਾ ਦੇਂਦੇ,
ਜਿਹੜੇ ਕਈ ਲੱਖ ਹੈ ਬਾਪੂ ।
ਉਹਨਾਂ,
ਕੁੱਛ ਹਜ਼ਾਰ ਡਾਲਰਾਂ ਨਾਂ,
ਨਹੀਂ ਐਥੇ ਆਉਂਦਾ,
ਕੱਖ ਹੈ ਬਾਪੂ ।

13

ਪਿਛਲੇ ਸਾਲ,
ਜਦੋਂ ਮੁੰਡਾ ਛੀਬਿਆਂ ਦਾ,
ਵਤਨ ਆਪਣੇ ਵੱਲ,
ਚਲਿਆ ਸੀ ਬਾਪੂ ।
ਉਹਦੇ ਹੱਥ,
ਇਕ ਖ਼ਾਸ ਸੁਨੇਹਾ,
ਮੈਂ ਤੁਹਾਡੇ ਲਈ,
ਘੱਲਿਆ ਸੀ ਬਾਪੂ ।

ਉਸ ਆ ਕੇ ਮੈਨੂੰ,
ਇਹ ਦੱਸਿਆ,
ਇਸ ਤੋਂ ਪਿੱਛੇ ਨਾ,
ਹੱਟਾਂ ਮੈਂ ਬਾਪੂ ।
ਜਿੰਨੀ ਦੇਰ ਤੱਕ,
ਮੇਰਾ ਭਾਈ ਨਾ ਆਵੇ,
ਔਖੀ ਸੌਖੀ ਦਿਨ,
ਕੱਟਾਂ ਮੈਂ ਬਾਪੂ ।

ਵਿਹਲੜ ਲੋਕੀਂ,
ਕਾਕੇ ਵਰਗੇ,
ਜਿਹਨਾਂ ਤੋੜਿਆ,
ਕਦੇ ਨਾ ਡੱਕਾ ਬਾਪੂ ।

ਇਥੇ ਉਹ,
ਪਹੀਏ ਵਾਲੇ ਰੇਹੜੇ ਨੂੰ
ਮੈਂ ਤੱਕੇ ਲਾਉਂਦੇ ਧੱਕਾ ਬਾਪੂ ।

14
ਇਸ ਮੰਗਤੇ ਦੇ,
ਮੰਗੇ ਟੁਕੜਿਆਂ 'ਤੇ,
ਹੁੰਦਾ ਨਹੀਂ ਗੁਜ਼ਾਰਾ ਬਾਪੂ ।
ਸਿਰਫ਼ ਮੌਤ ਹੀ ਮੁਕਤੀ,
ਦੇ ਸਕਦੀ ਹੈ,
ਦਿਸਦਾ ਨਹੀਂ ਕੋਈ ਚਾਰਾ ਬਾਪੂ ।

ਦਿਸਦਾ ਨਹੀਂ,
ਮੈਨੂੰ ਕੋਈ ਸਹਾਰਾ,
ਅੱਜ ਟੁੱਟੀ ਹੋਈ,
ਨਾਰ ਮੈਂ ਬਾਪੂ ।
ਮਰਨ ਤੋਂ ਪਹਿਲਾਂ,
ਜੀ ਕਰਦਾ ਸੀ,
ਦੇਖਾਂ ਤੁਹਾਨੂੰ,
ਇਕ ਵਾਰ ਮੈਂ ਬਾਪੂ ।
ਟੁੱਟੀ ਹੋਈ,
ਗੁੱਡੀ ਵਾਂਗਰ,
ਬੇਵੱਸ ਤੇ ਲਾਚਾਰ ਮੈਂ ਬਾਪੂ ।

ਦਮ ਮੇਰਾ,
ਹੁਣ ਘੁੱਟਦਾ ਜਾਂਦਾ,
ਨਾ ਮੈਥੋਂ ਹੁੰਦਾ,
ਹੁਣ ਜੀ ਬਾਪੂ ।
ਸਾਰੀ ਉਮਰ,
ਜ਼ਹਿਰ ਹੈ ਪੀਤੀ,
ਹੋਰ ਨਾ ਹੁੰਦੀ ।
ਹੁਣ ਪੀ ਬਾਪੂ ।



ਆਤਮ ਹੱਤਿਆ,
ਕਰਨੀ ਕਹਿੰਦੇ,
ਹੁੰਦਾ ਵੱਡਾ ਪਾਪ ਹੈ ਬਾਪੂ ।
ਪਰ ਇਹ ਜ਼ਿੰਦਗੀ,
ਹੁਣ ਸਾਡੇ ਦੋਹਾਂ ਲਈ,
ਬਣ ਗਈ,
ਇਕ ਸਰਾਪ ਹੈ ਬਾਪੂ ।

15
ਜੰਮਣ ਤੋਂ ਲੈ,
ਅੱਜ ਤੀਕਰ,
ਮੈਂ ਉਡੀਕਦੀ ਰਹੀ,
ਖ਼ੁਸ਼ੀ ਦਾ ਪਲ ਬਾਪੂ ।
ਅੱਜ ਨਹੀਂ ਤਾਂ,
ਕੱਲ੍ਹ ਆਵੇਗਾ
ਪਰ ਆਇਆ ਨਹੀਂ ਕਦੇ,
ਉਹ ਕੱਲ੍ਹ ਬਾਪੂ ।
ਇਸ ਆਸ 'ਤੇ,
ਜਿਊਂਦੇ ਜਿਊਂਦੇ,
ਲੁਹਾ ਲਈ,
ਆਪਣੀ ਖਲ ਬਾਪੂ ।
ਅੱਜ ਸ਼ਰਮ ਨਾ,
ਮੈਨੂੰ ਆਉਂਦੀ,
ਦੱਸ ਦਿਆਂ ਤੁਹਾਨੂੰ,
ਹਰ ਇਕ ਗੱਲ ਬਾਪੂ ।

ਐਥੋਂ ਮੁੜ,
ਜੇ ਪਿੰਡ ਆ ਗਈ,
ਮੈਂ ਬਣ ਜਾਵਾਂਗੀ,
ਤੁਹਾਡੇ ਲਈ ਭਾਰ ਬਾਪੂ ।
ਇਸ ਡਰ ਤੋਂ,
ਮੈਂ ਵਤਨ ਨਾ ਆਈ,

ਉਹ ਕਹਿ ਚੁੱਕਾ,
ਕਈ ਵਾਰ ਹੈ ਬਾਪੂ ।

16

ਮੈਂ ਸੁਣਿਆ,
ਤੁਸੀਂ ਨਿੱਕੀ ਧੀ ਨੂੰ,
ਲੱਖਾਂ ਲਾਡ,
ਲਡਾਉਂਦੇ ਹੋ ਬਾਪੂ ।
ਜੇ ਉਹ ਆਖੇ,
ਮੈਨੂੰ ਚਾਹੀਦੇ ਤਾਰੇ,
ਉਹ ਵੀ ਅੰਬਰੋਂ ਤੋੜ,
ਲਿਆਉਦੇਂ ਹੋ ਬਾਪੂ ।
ਪਾਇਆ ਨਹੀਂ ਸੀ,
ਮੈਨੂੰ ਸਕੂਲ ਪਿੰਡ ਦੇ,
ਉਹਨੂੰ ਕਾਲਜ ਦੇ ਵਿੱਚ,
ਪੜ੍ਹਾਉਂਦੇ ਹੋ ਬਾਪੂ ।
ਭਲਾ ਯਾਦ ਕਰਕੇ,
ਕਦੇ ਕਦੇ ਮੈਨੂੰ,
ਆਪਣੀ ਕੀਤੀ 'ਤੇ,
ਪਛਤਾਉਂਦੇ ਹੋ ਬਾਪੂ ।

ਕਿਸਮਤ ਮੇਰੀ ਦੇ,
ਲੇਖ ਹੀ ਮਾੜੇ,
ਨਹੀਂ ਤੁਹਾਡੇ 'ਤੇ,
ਕੋਈ ਰੋਸਾ ਬਾਪੂ ।
ਮੇਰੇ ਲਈ ਨਾ,
ਰੱਬ ਕਦੇ ਬੌਹੜਿਆ,
ਮੇਰਾ ਉਠ ਗਿਆ,
ਉਸ ਤੋਂ ਭਰੋਸਾ ਬਾਪੂ ।

ਸਾਰੇ ਦੁਖ,
ਉਸ ਮੇਰੀ ਝੋਲੀ ਪਾ ਤੇ,



ਲਿਖਣ ਲੱਗਾ ਜਦ ਉਹ,
ਮੇਰੇ ਚੰਦਰੇ ਲੇਖ ਸੀ ਬਾਪੂ ।
ਮੇਰੀਆਂ,
ਦੋਹਾਂ ਤਲੀਆਂ ਦੇ ਵਿੱਚ,
ਨਹੀਂ ਗ਼ਲਤੀ ਨਾਲ ਵਾਹੀ,
ਉਸ ਨੇ ਸੁੱਖਾਂ ਦੀ ਕੋਈ ਰੇਖ ਸੀ ਬਾਪੂ ।

ਨਾਂ ਤੁਸਾਂ ਮੇਰਾ,
ਰੱਖ ਦਿੱਤਾ ਪ੍ਰੀਤੋ,
ਪਰ ਪਰੀਤ ਕਿਸੇ ਨਾ ਕੀਤੀ ਬਾਪੂ ।
ਇਹ ਤਾਂ,
ਮੇਰੇ ਹੱਡ ਹੀ ਜਾਨਣ,
ਜੋ ਇਹਨਾਂ 'ਤੇ ਬੀਤੀ ਬਾਪੂ ।

ਮੇਰੇ ਖੁਣੋਂ,
ਭਲਾ ਕੀ ਥੁੜ੍ਹਿਆ ਸੀ,
ਮੈਂ ਐਵੇਂ ਜੱਗ 'ਤੇ ਆਈ ਬਾਪੂ ।
ਮਾਂ ਮੇਰੀ ਨਾ,
ਦੁੱਧ ਪਿਆਇਆ,
ਨਾ ਚੁੱਕ ਗੋਦ ਖਿਡਾਈ ਬਾਪੂ ।
ਇਸ ਜੱਗ ਅੰਦਰ,
ਨਾ ਅਮੜੀ ਜਾਇਆ,
ਮੇਰਾ ਭੈਣ ਜਾਂ ਭਾਈ ਬਾਪੂ ।
ਪਿਆਰ ਦੀ ਗੱਲ,
ਕਦੇ ਨਾ ਕੀਤੀ,
ਤੇਰੇ ਇਸ ਜਵਾਈ ਬਾਪੂ ।
ਪਿਆਰ ਦੇ ਇਸ,
ਸਮੁੰਦਰ ਕੰਢਿਉਂ,
ਮੈਂ ਮੁੜ ਚਲੀ,
ਅੱਜ ਤ੍ਰਿਹਾਈ ਬਾਪੂ ।

17
ਪੋਤੜਿਆਂ ਤੋਂ ਲੈ,
ਸ਼ਗਨਾਂ ਦੇ ਸ਼ਾਲੂ ਤੱਕ,
ਮੈਂ ਰੱਜ ਰੱਜ,
ਦਰਦ ਹੰਡਾਇਆ ਬਾਪੂ ।
ਪਤਾ ਨਹੀਂ ਕਿਉਂ,
ਗ਼ਮ ਸਾਰੇ ਦਾ ਸਾਰਾ,
ਮੇਰੇ ਹਿੱਸੇ ਆਇਆ ਬਾਪੂ ।

ਔਰਤ ਦਾ ਜੀਵਨ,
ਜੇਕਰ ਇਹ ਹੀ ਜੀਵਨ,
ਆਪਣੀ ਧੀ ਨੂੰ ਨਾ,
ਇਹ ਜੀਣ ਦਿਆਂਗੀ ਬਾਪੂ ।
ਜੀਵਨ ਦਾ ਜ਼ਹਿਰ,
ਕੁੜੱਤਣ ਭਰਿਆ,
ਆਪਣੀ ਧੀ ਨੂੰ ਨਾ,
ਇਹ ਪੀਣ ਦਿਆਂਗੀ ਬਾਪੂ ।

ਕਲ ਸਵੇਰੇ,
ਵੱਡੇ ਤੜਕੇ,
ਮੈਂ ਨਾਲ ਆਪਣੇ,
ਉਹਨੂੰ ਮਾਰਾਂਗੀ ਬਾਪੂ ।
ਬਿਨ ਕਫ਼ਨ ਤੋਂ
ਲੈ ਬੁੱਕਲ ਵਿਚ
ਵੱਡੇ ਦਰਿਆ ਵਿਚ ਤਾਰਾਂਗੀ ਬਾਪੂ ।

ਇਹ ਖ਼ਤ,
ਤੁਹਾਨੂੰ ਮਿਲਣ ਤੋਂ ਪਹਿਲਾਂ,
ਅਸਾਂ ਦੋਹਾਂ ਨੇ ਮਰ ਜਾਣਾ ਬਾਪੂ ।
ਤੁਹਾਨੂੰ ਤੇ,
ਤੁਹਾਡੇ ਜਵਾਈ ਨੂੰ,
ਸਦਾ ਲਈ,



ਮੁਕਤ ਕਰ ਜਾਣਾ ਬਾਪੂ ।

ਜਗੀਰਦਾਰਾਂ ਦੇ,
ਘਰ ਜ਼ੰਮ ਕੇ ਵੀ,
ਗੱਲ ਕਿੰਨੀ ਲੱਗਦੀ,
ਇਹ ਅਜੀਬ ਹੈ ਬਾਪੂ ।
ਸਾਡੀਆਂ,
ਇਹਨਾਂ ਲਾਸ਼ਾਂ ਦੇ ਤਾਈਂ,
ਅੱਗ ਭੀ ਨਹੀਂ ਹੋਣੀ,
ਨਸੀਬ ਹੈ ਬਾਪੂ ।

ਸਾਡੀ ਇਹ ਮਿੱਟੀ,
ਬਿਨ ਕਫ਼ਨ ਤੋਂ
ਇਥੇ ਹੀ ਰੁਲ ਜਾਏਗੀ ਬਾਪੂ ।
ਖਾ ਲੈਣਗੀਆਂ,
ਕੁਛ ਇਸ ਨੂੰ ਮੱਛੀਆਂ,
ਜਾ ਪਾਣੀ ਵਿੱਚ ਘੁਲ ਜਾਏਗੀ ਬਾਪੂ

ਨਹੀਂ ਭਾਗਾਂ ਵਿੱਚ,
ਮੇਰੀ ਮਿੱਟੀ ਦੇ ਭੀ,
ਕੀਰਤਪੁਰ ਜਾ ਰਲਣਾ ਬਾਪੂ ।
ਥੋੜ੍ਹੀ ਮਿੱਟੀ,
ਜੋ ਇੱਥੋਂ ਦੀ ਨਾਲ ਹੈ ਮੇਰੇ,
ਰਲ ਉਹਦੇ ਨਾਲ ਗਲਣਾ ਬਾਪੂ ।

18
ਤੁਹਾਡਾ ਖ਼ਤ ਨਹੀਂ,
ਮਿਲੇਗਾ ਮੈਨੂੰ,
ਐਵੇਂ ਖ਼ਤ ਨਾ ਪਾਉਣਾ ਬਾਪੂ ।
ਰੋਏ ਸੌ,
ਤੁਸੀਂ ਮੇਰੇ ਜੰਮਣ 'ਤੇ,
ਮੇਰੀ ਮੌਤ ਉੱਤੇ ਨਾ ਰੋਣਾ ਬਾਪੂ ।

ਮੇਰੇ ਲਈ,
ਜੇ ਤੁਹਾਨੂੰ ਦਰਦ ਕੋਈ ਨਾ,
ਫੇਰ ਦੋਹਤੀ ਦਾ ਕੀ ਆਓਣਾ ਬਾਪੂ ।

ਟਾਲ ਰਹੀ ਸੀ,
ਕਾਫ਼ੀ ਚਿਰ ਤੋਂ,
ਇਹ ਤਾਂ ਸੀ,
ਇਕ ਦਿਨ ਹੋਣਾ ਬਾਪੂ ।

ਪਰ,
ਦੱਸਿਓ ਨਾ,
ਇਹ ਗੱਲ ਕਿਸੇ ਨੂੰ,
ਜਦੋਂ ਲੋਕੀਂ ਘਰ ਆਉਣਗੇ ਬਾਪੂ ।
ਸੁਣ ਕੇ ਉਹੋ,
ਦਰਦ ਭਰੀ ਕਹਾਣੀ,
ਲਾਹਨਤਾਂ ਤੁਹਾਨੂੰ ਪਾਉਣਗੇ ਬਾਪੂ ।

ਜੰਮਦਾ ਜੋ ਭੀ,
ਇਸ ਜੱਗ ਉੱਤੇ,
ਇਹ ਦਿਨ ਸਭ ਤੇ ਆਉਂਦਾ ਬਾਪੂ ।
ਪੰਛੀ, ਧੀ, ਪਰਦੇਸੀ ਮਰਿਆ,
ਭਲਾ ਕੌਣ ਹੈ,
ਹੰਝੂ ਵਹਾਉਂਦਾ ਬਾਪੂ ।

ਅੱਛਾ,
ਹੁਣ ਮੈਂ ਬਸ ਕਰਦੀ ਹਾਂ,
ਲਿਖ ਚੁੱਕੀ ਹਾਂ ਕਾਫ਼ੀ ਬਾਪੂ ।
ਪਹੁੰਚੀ ਹੋਵੇ,
ਜੇ ਠੇਸ ਦਿਲ ਨੂੰ,
ਚਾਹੁੰਦੀ ਹਾਂ ਉਸ ਲਈ ਮਾਫ਼ੀ ਬਾਪੂ ।



19


ਜਿਉਂਦੇ ਜੀ,
ਕਦੇ ਕੁਛ ਨਾ ਮੰਗਿਆ,
ਪਰ ਇਕ ਗੱਲ,
ਮੇਰੀ ਮੰਨ ਲਈਂ ਬਾਪੂ ।
ਤੁਹਾਡੇ ਲਈ,
ਸ਼ਾਇਦ ਦੇਰ ਇਹ ਹੋਵੇ,
ਪਰ ਪੱਲੇ ਆਪਣੇ ਬੰਨ੍ਹ ਲਈਂ ਬਾਪੂ ।
ਕਹਿ ਦੇਵੋ,
ਤੁਸੀਂ ਲੋਕਾਂ ਤਾਈਂ,
ਧੀਆਂ ਨੂੰ,
ਉਹ ਜਮਾਉਣ ਨਾ ਬਾਪੂ ।
ਗ਼ਲਤੀ ਨਾਲ
ਜੇ ਕਿਸੇ ਦੇ ਜੰਮ ਪਈ,
ਪਰਦੇਸਾਂ ਵਿਚ ਪਰਨਾਉਣ ਨਾ ਬਾਪੂ,

ਇਸ ਤੋਂ ਚੰਗਾ,
ਜੰਮਦੀ ਧੀ ਦਾ,
ਹੱਥੀਂ ਗਲ,
ਘੁੱਟ ਦੇਣ ਉਹ ਬਾਪੂ ।
ਜੇ ਐਨਾ ਹੀ,
ਭਾਰ ਹੈ ਲੱਗਦਾ,
ਕਿਸੇ ਖੂਹ ਵਿਚ ਉਹਨੂੰ,
ਸੁੱਟ ਦੇਣ ਉਹ ਬਾਪੂ ।

ਚੰਗਾ ਇਹੋ,
ਕਿਸੇ ਗ਼ਰੀਬ ਜੱਟ ਦੇ ਲੜ,
ਧੀ ਆਪਣੀ ਨੂੰ,
ਜੇ ਲਾਉਣ ਉਹ ਬਾਪੂ ।
ਬਹਿ ਝੁੱਗੀ ਵਿਚ,
ਉਹ ਲੁੱਟਣਗੇ ਬੁੱਲ੍ਹੇ,
ਜੇ ਰਲ ਖੱਟਣ,

ਕਮਾਉਣ ਉਹ ਬਾਪੂ,

ਮੈਂ ਨਹੀਂ ਚਾਹੁੰਦੀ,
ਲੜ ਲੱਗ ਬੁੱਢਿਆਂ ਦੇ,
ਇਸ ਮੁਲਕ ਵਿੱਚ,
ਆਉਣ ਉਹ ਬਾਪੂ ।
ਇਸ ਦੇਸ 'ਭੱਜੀ' ਦੇ,
ਜੋ ਮੈਂ ਸਵਰਗ ਹੰਢਾਇਆ,
ਨਾ ਇਹੋ ਜਿਹਾ ਸਵਰਗ,
ਹੰਢਾਉਣ ਉਹ ਬਾਪੂ ।





## ਤੀਆਂ

ਵੀਰ ਵਾਂਗ ਕੁਖੋਂ ਤੇਰੀ ਜੰਮੀ,
ਮੈਂ ਭੀ ਹਾਂ ਅੰਦਰ ਤੇਰੀ ਨੀਂ ਮਾਏ ।

ਫੇਰ ਪਤਾ ਨਹੀਂ ਕਿਹੜੀ ਗੱਲੇ,
ਤੈਂ ਲੋਹੜੀ ਨਾ ਮਨਾਈ ਮੇਰੀ ਨੀਂ ਮਾਏ ।

ਹਰ ਧੀ ਆਪਣੇ ਮਾਂ-ਪਿਓ ਨੂੰ,
ਹੁੰਦੀ ਬਹੁਤ ਪਿਆਰੀ ਨੀਂ ਮਾਏ ।

ਪਰ ਫੰਗ ਜਦੋਂ ਇਹਨੂੰ ਨਿਕਲਣ ਲੱਗਦੇ,
ਉੱਡਣ ਦੀ ਕਰਨ ਇਹ ਤਿਆਰੀ ਨੀਂ ਮਾਏ ।

ਧੀਆਂ ਤਾਂ ਹੁੰਦੀਆਂ ਚਿੜੀਆਂ ਦਾ ਚੰਬਾ,
ਜਿਹਨਾਂ ਉੱਡਣਾ ਮਾਰ ਉਡਾਰੀ ਨੀਂ ਮਾਏ ।

ਇਹ ਤਾਂ ਬੱਸ ਉਹ ਦਾਤਾ ਜਾਣੇ,
ਕਿਥੇ ਚੋਗ ਖਿਲਾਰੀ ਨੀਂ ਮਾਏ ।

ਹੋਰ ਖੇਲ੍ਹ ਲੈਣ ਦਿੰਦੀ ਚਾਰ ਦਿਨ ਮੈਨੂੰ,
ਕਿਉਂ ਕੀਤੇ ਪੀਲੇ ਹੱਥ ਨੀਂ ਮਾਏ ।

ਧੀਆਂ ਨੂੰ ਘਰੋਂ ਕੱਢਣ ਦੇ ਲਈ
ਕਿਉਂ ਬਣਾਏ ਕਹਾਰ ਤੇ ਰੱਥ ਨੀਂ ਮਾਏ ।

ਕਿਹਦੇ ਕੋਲ ਹੈ ਵਕਤ ਸੁਣਨ ਦਾ,

ਕਹਾਣੀਆਂ ਦੁੱਖਾਂ ਦੀਆਂ ਲੰਮੀਆਂ ਨੀਂ ਮਾਏ ।

ਧੀ ਦੀ ਥਾਂ ਤੂੰ ਪੱਥਰ ਜੰਮਦੀ,
ਕਿਉਂ ਧੀਆਂ ਤੂੰ ਜੰਮੀਆਂ ਨੀਂ ਮਾਏ ।

ਕਿਸੇ ਹੋਰ ਘਰ ਇਨ੍ਹਾਂ ਦਾ ਦਾਣਾ-ਪਾਣੀ,
ਕਿਸੇ ਘਰ ਵਿਚ ਜਾਈਆਂ ਨੀਂ ਮਾਏ ।

ਪੇਕਿਆਂ ਦੇ ਘਰ ਇਹ ਸਦਾ ਪ੍ਰਾਹੁਣੀਆਂ,
ਸਹੁਰਿਆਂ ਦੇ ਘਰ ਇਹ ਪਰਾਈਆਂ ਨੀਂ ਮਾਏ ।

ਦੁਨੀਆਂ ਭਾਵੇਂ ਲੱਖ ਹੈ ਬਦਲੀ,
ਪਰ ਬਦਲੇ ਨਹੀਂ ਰਿਵਾਜ ਨੀਂ ਮਾਏ ।

ਅੱਗੇ ਨਾਲੋਂ ਵੀ ਦੂਣੇ-ਚੋਣੇ,
ਹੋ ਗਏ ਅੱਜ ਦੇ ਦਾਜ ਨੀਂ ਮਾਏ ।

ਮੂੰਹ ਫਾੜ ਕੇ ਲੋਕੀਂ ਮੰਗਦੇ,
ਆਉਂਦੀ ਨਹੀਂ ਉਨ੍ਹਾਂ ਨੂੰ ਲਾਜ ਨੀਂ ਮਾਏ ।

ਮੁੰਡਾ ਭਾਵੇਂ ਹੋਵੇ ਲੰਗੜਾ ਲੂਲਾ,
ਮੰਗਦੇ ਉਹਦੇ ਲਈ ਤਾਜ ਨੀਂ ਮਾਏ ।

ਸੱਸ ਕਦੇ ਵੀ ਮਾਂ ਨਾ ਬਣਦੀ,
ਉਹ ਖਾਵੇ ਭਾਵੇਂ ਲੱਖ ਸੌਹਾਂ ਨੀਂ ਮਾਏ ।

ਮਾਂ-ਧੀ ਦਾ ਰਿਸ਼ਤਾ ਸਭ ਤੋਂ ਵੱਖਰਾ,
ਕਦੇ ਧੀਆਂ ਬਣਨ ਨਾ ਨੋਹਾਂ ਨੀਂ ਮਾਏ ।

ਮਾਪਿਆਂ ਦੇ ਘਰ ਚਾਵਾਂ ਨਾਲ ਪਾਲੀ,
ਸਹੁਰੀਂ ਬਣ ਜਾਂਦੀ ਨੌਕਰ ਨੀਂ ਮਾਏ ।



ਵਿਆਹ ਤੋਂ ਦੋ ਦਿਨਾਂ ਦੇ ਮਗਰੋਂ,
ਫੜਾ ਦਿੰਦੇ ਉਹਦੇ ਹੱਥ ਬਹੁਕਰ ਨੀਂ ਮਾਏ ।

"ਭਾਂਡੇ ਮਾਂਜਣ ਵਾਲੀ ਦੀ ਲੋੜ ਹੁਣ ਕੀ ਹੈ,
ਇਹ ਸਾਰਾ ਕੰਮ ਕਰੇਗੀ" ਨੀਂ ਮਾਏ ।

"ਝੀਰ ਨੂੰ ਵੀ ਹੁਣ ਨਾਂਹ ਕਰ ਦਿਓ,
ਇਹ ਆਪੇ ਪਾਣੀ ਭਰੇਗੀ" ਨੀਂ ਮਾਏ ।

ਨਿੱਤ ਮਾਰਨ ਇੰਞ ਲੱਖਾਂ ਤਾਹਨੇ,
ਡੂੰਘੇ ਦੁੱਖਾਂ ਵਿਚ ਪਾਉਣ ਨੀਂ ਮਾਏ ।

ਸਹੁਰਿਆਂ ਦੇ ਟੱਬਰ ਇਕੱਠੇ ਹੋ ਕੇ,
ਅੱਗਾਂ ਇਹਨਾਂ ਨੂੰ ਲਾਉਣ ਨੀਂ ਮਾਏ ।

ਗਰਭਵਤੀ ਨੂੰ ਧੀ ਜਾਂ ਪੁੱਤ ਜੰਮੇ,
ਇਸ ਵਿਚ ਉਹਦਾ ਕੀ ਕਸੂਰ ਨੀਂ ਮਾਏ ।

ਫਿਟਕਾਰ ਸਦਾ ਧੀਆਂ ਦੀ ਮਾਂ ਨੂੰ ਪੈਂਦੀ,
ਇਹ ਦੁਨੀਆਂ ਦਾ ਦਸਤੂਰ ਨੀਂ ਮਾਏ ।

ਮਸਾਂ ਸਾਲ ਉਡੀਕਦਿਆਂ ਲੰਘਿਆ,
ਕਦੋਂ ਆਉਣਗੀਆਂ ਤੀਆਂ ਨੀਂ ਮਾਏ ।

'ਭੱਜੀ' ਜਦੋਂ ਜਾ ਸਿਰ ਰੱਖ ਮਾਂ ਦੀ ਗੋਦੀ,
ਦੁੱਖੜੇ ਫੋਲਣਗੀਆਂ ਧੀਆਂ ਨੀਂ ਮਾਏ ।

## ਇਕ ਵੇਲ

ਔੜਾਂ ਵਿਚ ਭੀ,
ਜੋ ਵਧਦੀ ਫੁੱਲਦੀ,
ਔਰਤ ਐਸੀ ਵੇਲ ।

ਕਿਹੋ ਜਿਹਾ,
ਇਹਨੂੰ ਮਿਲਦਾ ਸਹਾਰਾ,
ਇਹ ਕੁਦਰਤ ਦੀ ਖੇਲ੍ਹ ।

ਜਿਸ ਜ਼ਮੀਨ 'ਤੇ,
ਇਹੋ ਉੱਗਦੀ,
ਨਹੀਂ ਭਾਗੀਂ ਉਥੇ ਖਿਲਨਾ ।

ਪਤਾ ਨਹੀਂ,
ਹੋਊ ਉਪਜਾਊ ਧਰਤੀ,
ਜਾਂ ਮਾਰੂਥਲ ਕੋਈ ਮਿਲਨਾ ।

ਮਾਲੀ ਇਹਦਾ,
ਕਰ ਕਰ ਰਾਖੀ,
ਬੜੇ ਪਿਆਰ ਨਾਲ ਇਹਨੂੰ ਪਾਲੇ ।

ਹੋ ਜਾਂਦੀ,
ਜਦ ਇਹ ਇਕ ਗਿੱਠ ਦੀ,
ਇਹਦੇ ਲਈ ਸਹਾਰਾ ਭਾਲੇ ।



ਕਿਸੇ ਨੂੰ ਮਿਲਦੀ,
ਚਟਾਨ ਪੱਥਰ ਦੀ,
ਕਿਸੇ ਨੂੰ ਮਿਲਦਾ ਰੁੱਖ ।

ਕਿਸੇ ਦੇ ਭਾਗੀਂ,
ਪਿਆਰ ਦੇ ਝੂਟੇ,
ਕਿਸੇ ਦੇ ਭਾਗੀਂ ਦੁੱਖ ।

ਕਿਸੇ ਵੇਲ ਦੇ,
ਹਿੱਸੇ ਆਉਂਦੀ,
ਕੋਈ ਕੰਡਿਆਲੀ ਝਾੜ ।

ਖਹਿ-ਖਹਿ ਕੇ,
ਉਹਦੇ ਕੰਡਿਆਂ ਨਾਲ,
ਤਨ ਮਨ ਆਪਣਾ ਲੈਂਦੀ ਫਾੜ ।

ਜੇ ਨਾ ਹੋਵੇ,
ਸਿਰ 'ਤੇ ਮਾਲੀ,
ਇਹ ਝਾਕੇ ਸੱਜੇ-ਖੱਬੇ ।

ਜਿਊਣ ਲਈ,
ਇਸ ਦੁਨੀਆਂ ਅੰਦਰ,
ਇਹੋ ਸਹਾਰਾ ਲੱਭੇ ।

ਗਲ ਜਾਂਦੀ ਹੈ,
ਇਹ ਵਿਚ ਮਿੱਟੀ ਦੇ,
ਜੇ ਲਵੇ ਨਾ ਕੋਈ ਸਾਰ ।

ਕਈ ਵਾਰ,
ਪਾ ਦਵਾਅ ਜ਼ਹਿਰੀਲੀ,
ਮਾਲੀ ਦੇਂਦੇ ਹੱਥੀਂ ਮਾਰ ।

ਨਵੀਂ ਜਗਾਹ ਹੈ,
ਇਹੋ ਜਾਂਦੀ,
ਚੋਂਹ ਮਰਦਾਂ ਦੇ ਮੋਢੇ ਚੜ੍ਹ ਕੇ ।

ਚੋਹਾਂ ਦੇ ਮੋਢੀਂ,
ਜਗ੍ਹਾ ਉਹ ਛੱਡੇ,
ਜੋ ਨਿਕਲੇ ਨਾ ਏਹੋ ਲੜ ਕੇ ।

ਲਾ ਜੜ੍ਹਾਂ,
ਬੇਗਾਨੀ ਧਰਤੀ 'ਤੇ,
ਇਹੋ ਫੁੱਲਦੀ ਫਲਦੀ ।

ਆਬੋ--ਹਵਾ,
ਜੇ ਰਾਸ ਨਾ ਆਵੇ,
ਇਹ ਪੱਤਾ ਪੱਤਾ ਜਲਦੀ ।

ਉੱਗ ਕਿਸੇ,
ਧਰਤੀ ਦੇ ਉੱਤੇ,
ਹੋਰ ਥਾਂ ਮਿੱਟੀ ਰਲਦੀ ।

ਪਰ ਆਪਣੀਆਂ,
ਕਲੀਆਂ ਤੇ ਫੁੱਲਾਂ ਲਈ,
ਸਦਾ ਇਹ ਮੰਗਦੀ ਸੁੱਖ ।

ਪਿਆਰ ਨਾਲ,
ਜੋ ਛਲ ਛਲ ਕਰਦੀ,
ਇਹਦੇ ਅੰਦਰ ਪਿਆਰ ਦੀ ਭੁੱਖ ।

ਉੱਗਦੀ ਦਾ,
ਇਹਦਾ ਮਾਲੀ ਬਾਪੂ,
ਤੇ ਬਾਪ ਦੇ ਮਗਰੋਂ ਭਾਈ ।



ਫੇਰ ਮਾਲੀ,
ਇਹਦਾ ਖਾਵੰਦ ਬਣਦਾ,
ਜਾ ਨਵੀਂ ਜਗ੍ਹਾ ਇਹ ਆਈ ।

ਖ਼ੁਸ਼ ਕਰਨ ਲਈ,
ਇਸ ਮਾਲੀ ਨੂੰ,
ਇਹ ਪੈਰੀਂ ਪੈ ਪੈ ਲੇਟੇ ।

ਖਾਵੰਦ ਮਗਰੋਂ,
ਇਹਦੇ ਮਾਲੀ ਬਣਦੇ,
ਇਹਦੇ ਆਪਣੇ ਬੇਟੇ ।

ਪਰ ਰਾਖੀ,
ਇਹਦੀ ਕਰਨੀ ਪੈਂਦੀ,
ਮਾਲੀ ਨੂੰ ਹਰ ਵੇਲੇ ।

ਨਹੀਂ ਕੋਮਲ ਪੱਤੀਆਂ,
ਦੇਖ ਕੇ ਇਹਦੀਆਂ,
ਖਾ ਜਾਂਦੇ ਨੇ ਲੇਲੇ ।

ਮਰਦ ਸਦਾ ਹੀ,
ਇਹਦੇ ਮਾਲੀ,
ਮਰਦ ਹੀ ਇਹਨੂੰ ਲੁੱਟਣ ।

ਮਰਦ ਹੀ,
ਇਹਨੂੰ ਹੱਥੀਂ ਲਾਉਂਦੇ,
ਮਰਦ ਹੀ ਇਹਨੂੰ ਪੁੱਟਣ ।

ਜੀਣਾ ਚਾਹੇ,
ਜੇ ਕੋਈ ਵੇਲ ਇਕੱਲੀ,
ਇਹਨੂੰ ਲੋਕੀਂ ਜੀਣ ਨਾ ਦੇਂਦੇ ।

ਪੀਣਾ ਚਾਹੇ,
ਜੇ ਇਹ ਘੁੱਟ ਸਬਰ ਦਾ,
ਇਹਨੂੰ ਲੋਕੀਂ ਪੀਣ ਨਾ ਦੇਂਦੇ ।

ਆਪਣੇ ਪੈਰੀਂ,
ਖੜ੍ਹੀ ਕਰਨ ਲਈ,
ਪੇਂਦ ਦਿੰਦੇ ਕਈ ਇਹਨੂੰ ਮਾਲੀ ।

'ਭੱਜੀਂ' ਬਹੁਤੀਆਂ ਟੁੱਟ,
ਧਰਤੀ ਤੇ ਡਿੱਗਣ,
ਕੋਈ ਖੜ੍ਹਦੀ ਕਰਮਾਂ ਵਾਲੀ ।





## ਮੇਰੀਆਂ ਧੀਆਂ

(ਰਿੰਨੀ, ਬੱਬਲੀ, ਦੀਪੀ ਤੇ ਸੰਨੀ ਦੇ ਨਾਂ)

ਦਿਲ ਮੇਰੇ ਦੇ,
ਚਾਰ ਨੇ ਖਾਨੇ,
ਹਰ ਖਾਨੇ ਵਿਚ,
ਵਸਦੀਆਂ ਧੀਆਂ ।

ਬੁੱਲਾਂ ਮੇਰਿਆਂ 'ਤੇ,
ਆਪੇ ਆਉਂਦਾ ਹਾਸਾ,
ਜਦ ਵੀ ਕਿਤੇ,
ਹੱਸਦੀਆਂ ਧੀਆਂ ।

ਦਿਲ ਮੇਰੇ ਨੂੰ,
ਖ਼ੁਸ਼ੀ ਹੈ ਹੁੰਦੀ,
ਜਦ ਵੀ ਕਿਤੇ,
ਨਚਦੀਆਂ ਧੀਆਂ ।

ਲੱਗੇ ਮੈਨੂੰ,
ਉਹ ਮੇਰੀ ਰਚਨਾ,
ਜਦ ਭੀ ਕੁਛ,
ਰਚਦੀਆਂ ਧੀਆਂ ।

ਬੜਾ ਚੰਗਾ,
ਉਦੋਂ ਹੈ ਲਗਦਾ,
ਜਦੋਂ ਇਕੱਠੀਆਂ ਹੋ ਕੇ,
ਬਹਿਣ ਇਹ ਧੀਆਂ ।

ਭਾਵੇਂ ਕਈ ਵਾਰ,
ਨਿੱਕੀ ਨਿੱਕੀ ਗੱਲੇ,
ਆਪਸ ਦੇ ਵਿਚ,
ਖਹਿਣ ਇਹ ਧੀਆਂ ।

ਰੱਬ ਕਰੇ,
ਇਕ ਦੂਈ ਦਾ ਸੁੱਖ-ਦੁੱਖ,
ਸਦਾ ਵੰਡਾਉਂਦੀਆਂ,
ਰਹਿਣ ਇਹ ਧੀਆਂ ।

ਦੁੱਖ ਉਹਦਾ ਹੈ,
ਮੈਨੂੰ ਹੁੰਦਾ,
ਜਦ ਕਦੇ ਦੁਖੇ,
ਇਹਨਾਂ ਦੀ ਦਾੜ੍ਹ ।

ਰੱਬਾ !
ਫਰਜ਼ ਜੋ ਤੂੰ ਹੈ
ਮੈਨੂੰ ਸੌਂਪਿਆ
ਉਹ ਫਰਜ਼ ਸਿਰੇ ਮੈਂ ਜਾਵਾਂ ਚਾੜ੍ਹ ।

ਤੱਤੀ ਵਾ ਨਾ,
ਕਦੇ ਇਹਨਾਂ ਨੂੰ ਲੱਗੇ,
ਬਾਹਰ ਭਾਵੇਂ ਹੋਏ,
ਤਪਦਾ ਹਾੜ੍ਹ ।

ਮੇਹਰ ਕਰੀਂ,
'ਭੱਜੀ' ਦੇ ਸਿਰ ਸਾਂਈਆਂ,
ਮੈਂ ਜਾਵਾਂ ਜੱਗ ਤੋਂ,
ਆਪੋ-ਆਪਣੇ ਘਰੀਂ,
ਇਹਨਾਂ ਨੂੰ ਵਾੜ ।



